ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ

## ਪੱਤਰ

ਲੜੀ/ਅੰਕ ਨੰ: 17/03 ਮਾਰਚ 2016 – ਨਾਨਕਸ਼ਾਹੀ ਫੱਗਣ-ਚੇਤ ੫੪੭

## ਇਤਿਹਾਸਿਕ ਦਿਹਾੜੇ

### ਮਾਰਚ ਅਤੇ ਅਪ੍ਰੈਲ 2016

| | |
|---|---|
| ਨਾਨਕਸ਼ਾਹੀ ਸੰਮਤ ੫੪੮ ਦੀ ਅਰੰਭਤਾ | 14 ਮਾਰਚ |
| ਹੋਲਾ ਮਹੱਲਾ | 24 ਮਾਰਚ |
| ਜਨਮ ਸ਼ਾਹਿਬਜ਼ਾਦਾ ਜੁਝਾਰ ਸਿੰਘ | 9 ਅਪ੍ਰੈਲ |
| ਖਾਲਸਾ ਸਾਜਨਾ ਦਿਵਸ | 13 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ | 16 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰ ਹਰਿਕ੍ਰਿਸ਼ਨ ਜੀ | 16 ਅਪ੍ਰੈਲ |
| ਗੁਰਗੱਦੀ ਸ੍ਰੀ ਗੁਰੂ ਅਮਰਦਾਸ ਜੀ | 16 ਅਪ੍ਰੈਲ |
| ਗੁਰਗੱਦੀ ਸ੍ਰੀ ਗੁਰੂ ਤੇਗ ਬਹਾਦੁਰ ਜੀ | 16 ਅਪ੍ਰੈਲ |
| ਪ੍ਰਕਾਸ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 18 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਜੀ | 18 ਅਪ੍ਰੈਲ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਚੇਤਿ ਗੋਬਿੰਦੁ ਅਰਾਧੀਐ (ਜੀਵਨ-ਜੁਗਤਿ)

ਚੇਤਿ ਗੋਵਿੰਦੁ ਅਰਾਧੀਐ, ਹੋਵੈ ਅਨੰਦੁ ਘਣਾ ॥

ਸੰਤ ਜਨਾ ਮਿਲਿ ਪਾਈਐ, ਰਸਨਾ ਨਾਮੁ ਭਣਾ ॥

ਜਿਨਿ ਪਾਇਆ ਪ੍ਰਭੁ ਆਪਣਾ, ਆਏ ਤਿਸਹਿ ਗਣਾ ॥

ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥

ਜਲਿ ਥਲਿ ਮਹੀਅਲਿ ਪੂਰਿਆ, ਰਵਿਆ ਵਿੱਚ ਵਣਾ ॥

ਸੋ ਪ੍ਰਭੁ ਚਿਤਿ ਨ ਆਵਈ, ਕਿਤੜਾ ਦੁਖੁ ਗਣਾ ॥

ਜਿਨੀ ਰਾਵਿਆ ਸੋ ਪ੍ਰਭੂ, ਤਿੰਨਾ ਭਾਗੁ ਮਣਾ ॥

ਹਰਿ ਦਰਸਨ ਕੰਉ ਮਨੁ ਲੋਚਦਾ, ਨਾਨਕ ਪਿਆਸ ਮਨਾ ॥

ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ।੨।

ਮਾਝ ਬਾਰਹਮਾਹਾ (ਮਃ ੫) ਅੰਗ ੧੩੬

ਪਦ ਅਰਥ- ਚੇਤਿ-ਚੇਤ ਦੇ ਮਹੀਨੇ ਵਿਚ । ਘਣਾ-ਬਹੁਤ । ਮਿਲਿ-ਮਿਲ ਕੇ । ਰਸਨਾ-ਜੀਭ । ਭਣਾ-ਉਚਾਰਨ । ਜਿਨਿ-ਜਿਸ ਮਨੁੱਖ ਨੇ । ਤਿਸਹਿ-ਉਸ ਨੂੰ । ਆਏ ਗਣਾ-ਆਇਆ ਸਮਝੋ । ਜਣਾ-ਜਾਣੋ । ਮਹੀਅਲਿ-ਮਹੀ ਤਲਿ, ਧਰਤੀ ਦੇ ਤਲ ਉਤੇ, ਪੁਲਾੜ ਵਿਚ, ਆਕਾਸ਼ ਵਿਚ । ਮਣਾ-ਮਣਾ-ਮੂੰਹੀਂ, ਬਹੁਤ । ਕੰਉ-ਨੂੰ । ਮਨਾ-ਮਨਿ, ਮਨ ਵਿਚ । ਤਿਸ ਕੈ ਪਾਇ-ਉਸ ਮਨੁੱਖ ਦੇ ਪੈਰੀਂ । ਲਗਾ-ਲੱਗਾ, ਮੈਂ ਲੱਗਦਾ ਹਾਂ ।

ਅਰਥ :-ਚੇਤ ਵਿਚ (ਬਸੰਤ ਰੁੱਤ ਆਉਂਦੀ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਆਨੰਦ ਦੇਂਦੀ ਹੈ, ਜੇ) ਪਰਮਾਤਮਾ ਨੂੰ ਸਿਮਰੀਏ (ਤਾਂ ਸਿਮਰਨ ਦੀ ਬਰਕਤਿ ਨਾਲ) ਬਹੁਤ ਆਤਮਿਕ ਆਨੰਦ ਹੋ ਸਕਦਾ ਹੈ । ਪਰ ਜੀਭ ਨਾਲ ਪ੍ਰਭੂ ਦਾ ਨਾਮ ਜਪਣ ਦੀ ਦਾਤਿ ਸੰਤ ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ । ਉਸੇ ਬੰਦੇ ਨੂੰ ਜਗਤ ਵਿਚ ਜੰਮਿਆ ਜਾਣੋ (ਉਸੇ ਦਾ ਜਨਮ ਸਫਲਾ ਸਮਝੋ) ਜਿਸ ਨੇ (ਸਿਮਰਨ ਦੀ ਸਹਾਇਤਾ ਨਾਲ) ਆਪਣੇ ਪਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ (ਕਿਉਂਕਿ) ਪਰਮਾਤਮਾ ਦੀ ਯਾਦ ਤੋਂ ਬਿਨਾ ਇਕ ਖਿਨ-ਮਾਤ੍ਰ ਸਮਾਂ ਗੁਜਾਰਿਆ ਭੀ ਜ਼ਿੰਦਗੀ ਵਿਅਰਥ ਬੀਤਦੀ ਜਾਣੋ ।

ਜਿਹੜਾ ਪ੍ਰਭੂ ਪਾਣੀ ਵਿਚ ਧਰਤੀ ਵਿਚ ਅਕਾਸ਼ ਵਿਚ ਜੰਗਲਾਂ ਵਿਚ ਹਰ ਥਾਂ ਵਿਆਪਕ ਹੈ, ਜੋ ਐਸਾ ਪ੍ਰਭੂ ਕਿਸੇ ਮਨੁੱਖ ਦੇ ਹਿਰਦੇ ਵਿਚ ਨਾਂ ਵੱਸੇ, ਤਾਂ ਉਸ ਮਨੁੱਖ ਦਾ (ਮਾਨਸਿਕ) ਦੁੱਖ ਬਿਆਨ ਨਹੀਂ ਹੋ ਸਕਦਾ । (ਪਰ) ਜਿੰਨ੍ਹਾਂ ਬੰਦਿਆਂ ਨੇ ਉਸ (ਸਰਬ ਵਿਆਪਕ) ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਉਹਨਾਂ ਦਾ ਬੜਾ ਭਾਗ ਜਾਗ ਪੈਂਦਾ ਹੈ ।

ਨਾਨਕ ਦਾ ਮਨ (ਭੀ ਹਰੀ ਦੇ ਦੀਦਾਰ ਨੂੰ ਤਾਂਘਦਾ ਹੈ, ਨਾਨਕ ਦੇ ਮਨ ਵਿਚ ਹਰੀ-ਦਰਸਨ ਦੀ ਪਿਆਸ ਹੈ । ਜਿਹੜਾ ਮਨੁੱਖ ਮੈਨੂੰ ਹਰੀ ਦਾ ਮਿਲਾਪ ਕਰਾ ਦੇਵੇ ਮੈਂ ਉਸ ਦੀ ਚਰਨੀ ਲੱਗਾਂਗਾ ।੨।

# ਹੋਲੀ ਤੋਂ ਹੋਲਾ

ਹਿੰਦੁਸਤਾਨ ਵਿਚ ਬਹੁਤ ਕਰ ਕੇ ਤਹਿਵਾਰਾਂ ਦਾ ਸੰਬੰਧ ਰੁੱਤਾਂ ਨਾਲ ਹੈ । ਕੁਝ ਤਹਿਵਾਰ ਐਸੇ ਵੀ ਹਨ ਜਿਨ੍ਹਾਂ ਦਾ ਜੋੜ ਵਰਨ ਆਸ਼ਰਮਾਂ ਨਾਲ ਹੈ । ਦੁਸਹਿਰਾ ਕਸ਼ਤਰੀਆਂ ਲਈ ਤੇ ਦੀਵਾਲੀ ਵੈਸ਼ਾਂ ਲਈ ਰਾਖਵੀਂ ਰਖੀ ਗਈ । 'ਦੰਪਤੀ ਚਤੁਰਥ' ਦੀ ਪੁਸਤਕ ਵਿਚ ਹਰ ਜਾਤੀ ਦੇ ਵੱਖ ਵੱਖ ਪੁਰਬ ਲਿਖੇ ਹਨ । ਸ਼ਾਵਣੀ – ਬ੍ਰਾਹਮਣ, ਵਿਜੈ–ਦਸ਼ਮੀ (ਦੁਸਹਿਰਾ) – ਖਤ੍ਰੀ, ਦੀਪਾਵਲੀ – ਵੈਸ਼ ਅਤੇ ਹੋਲੀ – ਸ਼ੂਦਰ ਦੀ । ਕੁਝ ਉਤਸਵ ਐਸੇ ਹਨ ਜੋ ਨਿਰੋਲ ਮਿਥਿਹਾਸਕ ਜਾਂ ਇਤਿਹਾਸਕ ਹਨ । ਇਨ੍ਹਾਂ ਦੀ ਸੁੰਦਰ ਉਦਾਹਰਣ ਰਾਮ ਨੌਮੀ ਅਤੇ ਜਨਮ ਅਸ਼ਟਮੀ ਹੈ, ਪਰ ਹੋਲੀ ਇਕ ਐਸਾ ਤਹਿਵਾਰ ਹੈ ਜੋ ਮੌਸਮੀ ਹੈ, ਵਰਨ ਆਸ਼ਰਮਾਂ ਨਾਲ ਵੀ ਜਿਸ ਦਾ ਸੰਬੰਧ ਹੈ ਤੇ ਇਤਿਹਾਸਕ ਘਟਨਾਵਾਂ ਵੀ ਲੁਕਾਈ ਬੈਠਾ ਹੈ । ਮੌਸਮੀ ਹੋਣ ਦਾ ਵਰਨਣ ਗੁਰਬਾਣੀ ਵਿਚ ਵੀ ਆਇਆ ਹੈ । 'ਬਸੰਤ ਦੀ ਰੁੱਤ ਆਉਣ ਨਾਲ ਚਾਰੇ ਪਾਸੇ ਖੇੜਾ ਆ ਗਿਆ ਹੈ । ਚੜ੍ਹਦੀ ਕਲਾ ਤੇ ਉਤਸ਼ਾਹ ਦੀ ਅਵਸਥਾ ਮਿਲ ਗਈ ਹੈ । ਸਾਰੇ ਪਾਸਿਉਂ ਵਧਾਈਆਂ ਤੇ ਮੁਬਾਰਕਾਂ ਹੀ ਮਿਲ ਰਹੀਆਂ ਹਨ' । 'ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ।' 'ਉਸ ਖੇੜੇ ਦਾ ਫਲ ਸਰੂਪ' । ਗੁਰੂ ਅਰਜਨ ਜੀ ਫ਼ਰਮਾਂਦੇ ਹਨ : 'ਅੰਦਰ ਬਾਹਰ ਮਾਨੋ ਫਗਣ ਦੀ ਹੋਲੀ ਬਣ ਗਈ ਹੈ

'ਆਜ ਹਮਾਰੈ ਬਨੇ ਫਾਗ । ਪ੍ਰਭ ਸੰਗੀ ਮਿਲਿ ਖੇਲਨ ਲਾਗ ।'

ਇਸ 'ਰਿਤੂ ਰਾਜ' ਦੇ ਆਵਣ ਨਾਲ ਚਾਰੇ ਪਾਸੇ ਰੰਗ ਬਿਖੇਰਿਆ ਗਿਆ ਹੈ। ਸੰਤ ਜਨ ਸਾਧ ਸੰਗਤ ਵਿਚ ਮਿਲ ਕੇ ਇਹ ਹੋਲੀ ਖੇਡਣ ਲੱਗ ਪਏ ਹਨ । ਰੰਗ ਗੂੜ੍ਹਾ ਹੋ ਗਿਆ ਹੈ । ਲਾਲੀ ਹੀ ਲਾਲੀ ਹੋ ਗਈ ਹੈ । ਆਤਮਕ ਰੰਗ ਚੜ੍ਹ ਗਿਆ ਹੈ । ਫਿਰ ਗੁਰੂ ਜੀ ਪੁੱਛਦੇ ਹਨ, 'ਹੇ ਭਾਈ ਹੋਲੀ ਕੀ ਹੈ ? ਸੰਤ ਜਨਾਂ ਦੀ ਸੇਵਾ ਨੂੰ ਮੈਂ ਹੋਲੀ ਦੇ ਸਮੇਂ ਵਸੀਲਾ ਬਣਾਇਆ ਹੈ । ਉਨ੍ਹਾਂ ਦੀ ਸੰਗਤ ਦੀ ਬਰਕਤ ਨਾਲ ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਪਿਆ ਹੈ ।

'ਹੋਲੀ ਕੀਨੀ ਸੰਤ ਸੇਵ ॥ ਰੰਗ ਲਾਗਾ ਅਤਿ ਲਾਲ ਦੇਵ ॥

ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੇ ਨਾਹੀ ਛਾਵ ਧੂਪ॥ (ਬਸੰਤ ਮ.੫)

ਹੋਲੀ ਦਾ ਸੰਬੰਧ ਸਭ ਨੇ ਰੁੱਤ ਦੀ ਨਿਖਰਦੀ ਲਾਲੀ ਨਾਲ ਮੰਨਿਆ ਹੈ । ਇਹ ਹੀ ਕਾਰਨ ਹੈ ਕਿ ਵਾਤਾਵਰਨ ਹੋਰ ਸੁਖਾਵਾਂ ਬਣਾਉਣ ਲਈ ਲਾਲ, ਗੁਲਾਲ ਰੰਗ ਮਲਿਆ ਤੇ ਸੁੱਟਿਆ ਜਾਂਦਾ ਹੈ ।

ਵਰਨ ਆਸ਼ਰਮ ਦੀ ਵੰਡ ਵਾਲਿਆਂ ਨੇ ਹੋਲੀ ਨੂੰ ਸ਼ੂਦਰ ਲਈ ਨਿਯਤ ਕੀਤਾ ਹੈ । ਉਸ ਦਿਨ ਗੰਦ, ਕੂੜਾ ਕਰਕਟ ਬਾਹਰ ਕੱਢ ਸਾੜਨ ਦੀ ਰੀਤੀ ਹੈ । ਅਖੌਤੀ ਨੀਵੀਂ ਜਾਤ ਵਾਲੇ ਬਹੁਤ ਹੀ ਖ਼ੁਸ਼ੀ ਮਨਾਉਂਦੇ ਹਨ। ਇਕ ਤਾਂ ਇਸ ਕਾਰਨ ਕਿ ਖੁਲ੍ਹੀ ਰੁੱਤ ਆਈ ਹੈ ਤੇ ਉਹਨਾਂ ਦਾ ਆਰਥਕ ਸੰਕਟ ਕੁਝ ਘਟਿਆ ਹੈ, ਦੂਜੇ ਇਕੱਠੇ ਨਾ ਬੈਠਣ ਦੇਣ ਵਾਲਿਆਂ ਨੂੰ ਪਲ ਕੁ ਸਮਾਂ ਸਾਲ ਬਾਅਦ ਖ਼ੁਸ਼ੀ ਮਨਾਉਣ ਦਾ ਮਿਲਿਆ ਹੈ । ਤੀਸਰੇ ਆਉਣ ਵਾਲੇ ਮਹੀਨੇ ਸੋਖੇ ਖੁਲ੍ਹੇ ਲੰਘਣ ਦੀ ਸੰਭਾਵਨਾ ਹੈ ।

ਮਿਥਿਹਾਸਕ ਘਟਨਾ ਦੀ ਵਾਰਤਾ ਤਾਂ ਜਗਤ ਪ੍ਰਸਿੱਧ ਹੈ। ਹੋਲੀ ਦਾ ਸੰਬੰਧ ਹੋਲਿਕਾ ਨਾਲ ਮਿਥਿਆ ਗਿਆ ਹੈ। ਜਦ ਹੋਲਿਕਾ ਪ੍ਰਹਿਲਾਦ ਨੂੰ ਅਗਨੀ ਵਿਚ ਸਾੜਨ ਦੀ ਬਜਾਏ ਆਪ ਅੱਗ ਵਿਚ ਸੜ ਮੋਈ ਤਾਂ ਲੋਕਾਂ ਨੇ ਹੋਲਿਕਾ ਦਹਨ ਦਾ ਦਿਨ ਉਤਸ਼ਾਹ ਨਾਲ ਪ੍ਰਹਿਲਾਦ ਦੀ ਜਿੱਤ ਦੀ ਖ਼ੁਸ਼ੀ ਵਿਚ ਮਨਾਇਆ। ਉਸ ਦਿਨ ਸੱਚ ਨੂੰ ਭੱਠੀ ਪਾਇਆ ਗਿਆ ਸੀ ਪਰ ਉਹ ਸੋਨੇ ਵਾਂਗ ਹੋਰ ਚਮਕ ਕੇ ਨਿਕਲਿਆ। ਉਸ ਦਿਨ ਅੱਗ ਨੇ ਆਪਣਾ ਸੁਭਾਅ ਬਦਲਾਇਆ ਸੀ । ਕੁਦਰਤੀ ਨਿਯਮ ਟੁੱਟੇ ਸਨ ਪਰ ਸੱਚ ਦੀ ਜੈ ਹੋਈ ਸੀ । ਹਰਨਾਖਸ਼ 'ਨਖਹ ਬਦਾਰਿਆ' ਸੀ ਅਤੇ ਲਿਤਾੜੇ ਜਾ ਰਹੇ ਲੋਕਾਂ ਉਤੇ ਹਰੀ ਦੇ ਸਰਬ ਸ਼ਕਤੀਮਾਨ ਹੋਣ ਦਾ ਪਰਗਟਾਵਾ ਹੋਇਆ ਸੀ । 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੁਟੇ ਸਨ।

ਭਗਤ ਨਾਮ ਦੇਵ ਜੀ ਨੇ ਇਸ ਸਾਰੀ ਘਟਨਾ ਦਾ ਜ਼ਿਕਰ ਬੜੇ ਰੌਚਕ ਢੰਗ ਨਾਲ ਕੀਤਾ ਹੈ । ਪ੍ਰਹਿਲਾਦ ਦੇ ਦੋਵੇਂ ਉਸਤਾਦ ਸੰਡ ਅਤੇ ਅਮਰਕ ਨੇ ਹਰਨਾਕਸ਼ ਕੋਲ ਜਾ ਕੇ ਸ਼ਕਾਇਤ ਕੀਤੀ : 'ਅਸੀਂ ਖੱਪ ਲਥੇ ਹਾਂ, ਤੰਗ ਆ ਗਏ ਹਾਂ । ਪ੍ਰਹਿਲਾਦ ਨੂੰ ਜੋ ਅਸੀਂ ਪੜਾਉਂਦੇ ਹਾਂ ਉਹ ਨਹੀਂ, ਸਗੋਂ ਉਲਟ ਹੱਥਾਂ ਨਾਲ ਤਾਲ ਵਜਾ ਕੇ ਰਾਮ ਨਾਮ ਗਾਉਂਦਾ ਹੈ । ਉਸ ਦੀ ਦੇਖਾ ਦੇਖੀ ਸਾਰੇ ਵਿਦਿਆਰਥੀ ਵੀ 'ਰਾਮ ਰਾਮ' ਹੀ ਬੋਲਦੇ ਹਨ । ਸਾਰੇ ਵਿਦਿਆਰਥੀ ਉਸ ਨੇ ਵਿਗਾੜ ਦਿੱਤੇ ਹਨ ।

ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ ਹਮ ਹੀ ਪਚਿ ਹਾਰੇ ।

ਰਾਮ ਕਹੈ ਕਰ ਤਾਲ ਬਜਾਵੈ ॥ ਚਟੀਆ ਸਭੈ ਬਿਗਾਰੇ।੧ ॥

ਜਦ ਇਸ ਗੱਲ ਦਾ ਪ੍ਰਹਿਲਾਦ ਦੀ ਮਾਤਾ ਨੂੰ ਪਤਾ ਲੱਗਾ ਤਾਂ ਉਹ ਪ੍ਰਹਿਲਾਦ ਅਗੇ ਤਰਲੇ ਕੱਢਣ ਲੱਗੀ ਅਤੇ ਸਮਝਾਉਣ ਲੱਗੀ : 'ਬੱਚੇ ਤੇਰੇ ਪਿਤਾ ਹਰਨਾਖਸ਼ ਰਾਜੇ ਨੇ ਸਾਰੀ ਧਰਤੀ ਆਪਣੇ ਵਸ ਕੀਤੀ ਹੋਈ ਹੈ । ਉਸ ਦਾ ਹੁਕਮ ਨਾ ਮੋੜ, ਉਸ ਦੀ ਜੈ ਬੋਲ' ਪਰ ਪੁੱਤਰ ਪ੍ਰਹਿਲਾਦ ਨੇ ਮਾਂ ਦਾ ਆਖਿਆ ਨ ਮੰਨਿਆ ਸਗੋਂ ਮਾਂ ਨੂੰ ਹੋਰ ਗੱਲਾਂ ਕਰ ਕੇ ਸਮਝਾਉਣ ਲੱਗਾ । ਮਾਂ ਵੀ ਸਮਝ ਗਈ ਕਿ ਪ੍ਰਹਿਲਾਦ ਨੇ ਹੋਰ ਗੱਲ ਮਨ ਵਿਚ ਪੱਕੀ ਕਰ ਲਈ ਹੈ :-

'ਬਸੁਧਾ ਬਸਿ ਕੀਨੀ ਸਭ ਰਾਜੇ, ਬਿਨਤੀ ਕਰੈ ਪਟਰਾਨੀ।

ਪੂਤ ਪ੍ਰਹਿਲਾਦੁ ਕਹਿਆ ਨਹੀ ਮਾਨੈ, ਤਿਨਿ ਤਉ ਅਉਰੈ ਠਾਨੀ।'

ਜਦ ਇਸ ਤਰ੍ਹਾਂ ਮਾਂ ਦੇ ਤਰਲਿਆਂ, ਤਸੱਲੀਆਂ ਅਤੇ ਸਮਝਾਉਣ ਨਾਲ ਪ੍ਰਹਿਲਾਦ ਆਪਣੇ ਆਦਰਸ਼ ਤੋਂ ਨਾ ਡਿੱਗਾ ਤਾਂ ਦੁਸ਼ਟਾਂ ਦੀ ਜੁੰਡਲੀ ਨੇ ਰਲ ਕੇ ਸਲਾਹ ਕਰ ਲਈ-ਪ੍ਰਹਿਲਾਦ ਨਹੀਂ ਮੰਨਦਾ ਤਾਂ ਉਸ ਨੂੰ ਮਾਰ ਮੁਕਾਉਣਾ ਚਾਹੀਦਾ ਹੈ, ਪਰ ਜਦ ਉਸ ਨੂੰ ਮਾਰਨ ਲੱਗੇ ਤਾਂ ਦੁਨੀਆਂ ਦੇ ਮਾਲਕ ਪ੍ਰਭੂ ਨੇ ਆਪਣੀ ਮਾਇਆ ਦਾ ਸੁਭਾਉ ਹੀ ਬਦਲਾ ਦਿੱਤਾ। ਦੁਸ਼ਟਾਂ ਨੇ ਪਹਾੜ ਤੋਂ ਗਿਰਾਇਆ, ਪਹਾੜ ਨੇ ਮਾਂ ਦੀ ਗੋਦ ਵਾਂਗ ਵੱਡਾ ਜਿਗਰਾ ਕਰ ਕੇ ਪਿਆਰ ਪੰਘੂੜੇ ਵਿਚ ਹੂਟਾ ਦੇ ਦਿੱਤਾ। ਫਿਰ ਦੁਰਾਚਾਰੀਆਂ ਨੇ ਰੁੱਖ ਤੋਂ ਸੁੱਟਿਆ, ਦਰੱਖ਼ਤ ਨੇ ਪਿਆਰ ਰੂਪ ਹੋ 'ਰੁੱਖਾਂ ਦੀ ਜੀਰਾਂਦ' ਦਿਖਾਈ ਤੇ ਸਹਿਜ ਹੀ ਭੁੰਜੇ ਟਿਕਾ ਦਿੱਤਾ : ਪਾਣੀ ਵਿਚ ਬੰਨ੍ਹ ਫੇਰ ਮਰੀਚਾਂ ਨੇ ਡੋਬਣਾ ਚਾਹਿਆ ਪਰ ਪਾਣੀ ਨੇ ਪਾਰ ਕਿਨਾਰੇ ਜਾ ਲਗਾਇਆ । ਅੱਗ ਦੇ ਭੱਖਦੇ ਅੰਗਾਰੇ ਪ੍ਰਹਿਲਾਦ ਲਈ ਖਿੜੇ ਹੋਏ ਲਾਲ ਗੁਲਾਬ ਦੇ ਫੁੱਲ ਹੋ ਗਏ । ਪਰਮਾਤਮਾ ਨੇ ਪ੍ਰਹਿਲਾਦ ਦਾ ਸਭ ਡਰ ਦੂਰ ਕਰ ਦਿੱਤਾ । ਇਹਨਾਂ ਸਭ ਵਸਤੂਆਂ ਦਾ ਮਾਰਨ, ਗਿਰਾਨ, ਸਾੜਨ ਤੇ ਡੋਬਣ ਵਾਲਾ ਸੁਭਾਅ ਪਰਮਾਤਮਾ ਨੇ ਬਦਲਾ ਦਿੱਤਾ :

'ਦੁਸਟ ਸਭਾ ਮਿਲਿ ਮੰਤਰ ਉਪਾਇਆ, ਕਰਸਹ ਅਉਧ ਘਨੇਰੀ।

ਗਿਰ, ਤਰ,ਜਲ, ਜੁਆਲਾ ਭੈ ਰਾਖਿਓ, ਰਾਜਾ ਰਾਮ ਮਾਇਆ ਫੇਰੀ ।'

ਜਦ ਮਾਇਆ ਦਾ ਸੁਭਾਅ ਹਰਨਾਖ਼ਸ਼ ਨੇ ਬਦਲਦਾ ਡਿੱਠਾ ਤਾਂ ਹਰਨਾਖ਼ਸ਼ ਅੰਦਰੋਂ ਭੈ-ਭੀਤ ਹੋ ਗਿਆ। ਅੰਦਰੋਂ ਡਰਿਆ ਪਰ ਬਾਹਰੋਂ ਕ੍ਰੋਧਵਾਨ ਹੋ ਕੇ ਮੌਤ ਰੂਪੀ ਤਿਖੀ ਤਲਵਾਰ ਕੱਢ ਕੇ, ਪ੍ਰਹਿਲਾਦ ਨੂੰ ਭਖਦੇ ਥੰਮ੍ਹ ਨਾਲ ਬੰਨ੍ਹ ਕੇ, ਉਸ ਉਤੇ ਚੜ ਆਇਆ ਤੇ ਕਹਿਣ ਲੱਗਾ : 'ਦਸ ਉਇ ਤੇਰਾ ਰਾਮ ਕਿਥੇ ਹੈ?'

ਕਾਢਿ ਖੜਗੁ ਕਾਲੁ ਭੈ ਕੋਪਿਓ, ਮੋਹਿ ਬਤਾਉ ਜੁ ਤੁਹਿ ਰਾਖੈ।

ਪੀਤ ਪੀਤਾਂਬਰ ਤ੍ਰਿਭਵਣ ਧਣੀ, ਥੰਭ ਮਾਹਿ ਹਰਿ ਭਾਖੈ ।

ਅਤੇ ਜਿਸ ਰਾਮ ਨੇ ਮਾਇਆ ਫੇਰੀ ਸੀ, ਉਹ ਹੀ ਥੰਮ ਵਿਚੋਂ ਬੋਲ ਉਠਿਆ ਤੇ ਹਰਨਾਖ਼ਸ਼ ਨੂੰ ਨਹੁੰਆਂ ਨਾਲ ਚੀਰ ਦਿੱਤਾ। ਦੇਵਤਿਆਂ ਤੇ ਮਨੁੱਖਾਂ ਨੂੰ ਰਾਖ਼ਸ਼ਾਂ, ਦੁਸ਼ਟਾਂ ਕੋਲੋਂ ਨਜਾਤ ਮਿਲੀ, ਢਾਰਸ ਆਈ

ਤੇ ਹਰ ਕੋਈ ਨਿਰਭੈ ਹੋ ਵਿਚਰਨ ਲੱਗਾ। ਉਹ ਅਭੈ ਪਦ ਮਨੁੱਖਾਂ ਨੂੰ ਮਿਲਿਆ ਜਿਸ ਦੀ ਲੋੜ ਸੀ :-

'ਹਰਨਾਖਸੁ ਜਿਨਿ ਨਖਹ ਬਿਦਾਰਿਓ, ਸੁਰਿ ਨਰ ਕੀਏ ਸਨਾਥਾ।

ਕਹਿ ਨਾਮਦੇਉ ਹਮ ਨਰਹਰਿ ਧਿਆਵਹਿ, ਰਾਮ ਅਭੈ ਪਦ ਦਾਤਾ।

ਹੋਲੀ ਦਾ ਪੈਗਾਮ ਸੀ ਕਿ ਸੱਚ ਭਾਵੇਂ ਦੇਖਣ ਨੂੰ ਪ੍ਰਹਿਲਾਦ ਵਾਂਗੂੰ ਨਿਮਾਣਾ, ਨਿਤਾਣਾ ਤੇ ਕੋਮਲ ਹੈ ਤੇ ਕੁਸੱਤ ਹਰਨਾਖਸ਼ ਵਰਗਾ ਡਾਢਾ, ਸਖ਼ਤ, ਦੁਸ਼ਟ ਤੇ ਬਲਵਾਨ ਦਿਸਦਾ ਹੈ ਪਰ ਸਦਾ ਸੱਚ ਹੀ ਜਿੱਤਦਾ ਹੈ। ਸੱਚ ਨੂੰ ਕੋਈ ਸਾੜ ਨਹੀਂ ਸਕਦਾ, ਤੋੜ ਨਹੀਂ ਸਕਦਾ, ਡੋਬ ਨਹੀਂ ਸਕਦਾ, ਮੁਕਾ ਨਹੀਂ ਸਕਦਾ। ਭਾਵੇਂ ਵਿਦਵਾਨ ਵੀ ਲੱਗ ਜਾਣ, ਸੱਚ ਦੇ ਧਨੀ ਨੂੰ ਵਰਗਲਾਇਆ ਨਹੀਂ ਜਾ ਸਕਦਾ। ਆਪਣਾ ਘਰ ਤੇ ਸਕੀ ਮਾਂ ਵੀ ਓਝੜੇ ਪਾਣ ਦੀ ਕੋਸ਼ਿਸ਼ ਕਰੇ ਤਾਂ ਵੀ ਨਿਸਫਲ ਹੁੰਦੀ ਹੈ। ਸੱਚ ਵਾਲਾ ਮਾਂ, ਪੁੱਤਰ, ਧੀ ਬਾਪ ਤੋਂ ਉੱਚਾ ਹੋ ਰਹਿੰਦਾ ਹੈ ਤੇ ਸੋਚਦਾ ਹੈ। ਸਿਰਫ਼ ਇਕ ਲੋੜ ਹੈ, 'ਨਿਰਭੈ' ਹੋਣ ਦੀ, ਅਭੈ ਪਦ ਪ੍ਰਾਪਤ ਕਰਨ ਦੀ। ਮਨੁੱਖਾਂ ਨੂੰ ਇਹ ਢਾਰਸ ਹੋਣੀ ਚਾਹੀਦੀ ਹੈ ਕਿ ਜਗਤ ਦਾ ਮਾਲਕ ਹਰਨਾਖਸ਼ ਵਰਗੇ ਜਰਵਾਣਿਆਂ ਨੂੰ ਜਿਨ੍ਹਾਂ ਹੱਥ ਮੌਤ ਰੂਪੀ ਖ਼ਤਰਾ ਹੈ, 'ਨੁਹਾਂ' ਨਾਲ ਹੀ ਖ਼ਤਮ ਕਰ ਸਕਦਾ ਹੈ। ਇਹ ਚੜ੍ਹਦੀ ਕਲਾ ਦਾ ਪੈਗਾਮ ਸੀ ਜੋ ਨਾਮਦੇਵ ਜੀ ਨੇ ਆਪਣੇ ਲਤਾੜੇ ਭਰਾਵਾਂ ਨੂੰ ਮਿਥਿਹਾਸਕ ਹਵਾਲੇ ਨਾਲ ਦਿੱਤਾ ਸੀ। ਸਦੀਆਂ ਤੋਂ ਲਤਾੜੇ ਜਾ ਰਹੇ ਸਮਾਜ ਲਈ ਇਹ ਇਕ ਵੰਗਾਰ ਸੀ। ਬ੍ਰਹਿਮਣ ਇਹ ਸਮਝ ਗਿਆ ਸੀ ਕਿ ਜੋ ਹੋਲੀ ਦੀ ਡੂੰਘੀ ਰਮਜ਼ ਇਹ ਸ਼ੂਦਰ ਸਮਝ ਗਿਆ ਤਾਂ ਉਸ ਦਾ ਜੁਲਾ ਵਗਾਹ ਸੁੱਟੇਗਾ। ਸੋ ਉਸ ਬ੍ਰਹਿਮਣ ਨੇ ਓਪਰੇ ਦੂਜੇ ਪਾਸੇ ਲਗਾ ਕੇ ਗੰਦ ਸੁੱਟਣ, ਗੰਦ ਬੋਲਣ, ਖਰੂਦ ਮਚਾਉਣ ਤੇ ਰੰਗ ਰਲੀਆਂ ਮਨਾਉਣ ਤਕ ਹੀ ਸੀਮਤ ਕਰਾ ਕੇ ਉਸ ਨੂੰ ਆਪਾ ਪਛਾਨਣ ਤੋਂ ਵਾਂਝਾ ਹੀ ਕਰ ਰਖਿਆ। ਜਿਸ ਹੋਲੀ ਨੇ ਸੱਚ ਦਾ ਝੰਡਾ ਉਠਾਣ ਲਈ ਪ੍ਰਹਿਲਾਦ ਕੋਲੋਂ ਪ੍ਰੇਰਨਾ ਲੈ ਹਰਨਾਖਸ਼ ਵਿਰੁੱਧ ਡੱਟਣਾ ਸੀ, ਉਸ ਹੋਲੀ ਨੂੰ ਰੰਗ ਤਮਾਸ਼ਿਆਂ ਦਾ ਤਹਿਵਾਰ ਹੀ ਬਣਾ ਦਿੱਤਾ ਗਿਆ। ਇਸੇ ਲਈ ਪ੍ਰਸਿੱਧ ਹੋਈਆਂ ਕਈ ਹੋਲੀਆਂ : ਨਵਾਬਾਂ ਦੀ ਹੋਲੀ। ਬ੍ਰਜ ਦੀ ਹੋਲੀ। ਬ੍ਰਿੰਦਾਬਨ ਵਿਚ ਡਫ਼ਾਂ ਵਜਾ ਕੇ ਮਨਾਈ ਜਾਂਦੀ ਹੋਲੀ। ਲੱਠਾਂ ਚਲਾ ਕੇ ਮਨਾਈ ਜਾਂਦੀ ਰਾਜਪੂਤੀ ਹੋਲੀ। ਰਾਜਸਥਾਨ ਵਿਚ ਸਵਾਂਗ-ਸਵਾਰੀਆਂ ਕਢ ਕੇ ਮਨਾਈ ਜਾਂਦੀ ਹੋਲੀ। ਮਟਕੀ ਚੁਕੀ ਜਾਂਦੇ ਮਰਦ ਤੇ ਮਗਰ ਟੁਰਦੀਆਂ ਔਰਤਾਂ ਹੱਥ ਛਮਕਾਂ ਮਰਦਾਂ ਨੂੰ ਮਾਰਦੀ ਹੋਲੀ। ਛੇੜ-ਛਾੜ ਦੀ ਖੁੱਲ੍ਹ ਵਾਲੀ ਹੋਲੀ। ਰਾਹ ਜਾਂਦੇ ਤੇ ਰੰਗ ਪਾਂਦੀ ਹੋਲੀ। ਸਭ ਦੀ ਖਿਲੀ ਉਡਾਂਦੀ ਹੋਲੀ। ਹੋਲੀ ਦੇ ਇਹ ਸਭ ਰੂਪ ਐਸ਼ਾਂ ਮੌਜਾਂ ਤੇ ਨੀਵੀਆਂ ਮਾੜੀਆਂ ਰੁਚੀਆਂ ਦੇ ਹੀ ਪ੍ਰਤੀਕ ਹਨ।

ਗੁਰੂ ਗੋਬਿੰਦ ਸਿੰਘ, ਸੋਹਣੇ ਪਾਤਸ਼ਾਹ, ਦੀਨ ਦੁਨੀ ਦੇ ਮਾਲਕ, ਜਗਤ ਦੇ ਮਾਲਕ (ਗੁਬਿੰਦ) ਨੇ ਹੋਲੀ ਦਾ ਸੁਭਾ ਬਦਲਾ ਕੇ ਹੋਲਾ ਬਣਾਇਆ। ਜਿਵੇਂ ਸੋਹਣੇ ਰਾਮ ਨੇ ਮਾਇਆ ਦਾ ਸੁਭਾ ਬਦਲਾਇਆ ਸੀ ਉਵੇਂ ਸੱਚੇ ਪਾਤਸ਼ਾਹ ਨੇ ਹੋਲੀ ਦੀ ਥਾਂ ਮਹੱਲੇ ਕੱਢੇ, ਫਿਰ ਮਹੱਲੇ ਚਾੜ੍ਹੇ ਗਏ ਤੇ ਪਿਛੋਂ ਆਪਣੇ ਆਪ ਮਹੱਲੇ ਨਿਕਲੇ। ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਉੱਤੇ ਆਉਣ ਦਾ ਮੁੱਖ ਮੰਤਵ ਹੀ ਇਹ ਦੱਸਿਆ ਹੈ:-

'ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਪਾਰਨ।

ਉਹਨਾਂ ਨੇ 'ਸਾਧ ਸਮੂਹ ਪ੍ਰਸੰਨ ਫਿਰੈ ਜਗ ਸਤ੍ਰ ਸਭੈ ਅਵਲੋਕ ਚਪੈਂਗੇ' ਸਿੱਖਾਂ ਦਾ ਨਿੱਤ ਦਾ ਨੇਮ ਬਣਾਇਆ। ਹੋਲਾ ਬਣਾ ਗੁਲਾਬ ਦੀ ਥਾਂ ਖ਼ੂਨ ਨਾਲ ਹੱਸ ਹੋਲੀ ਖੇਡਣ ਲਈ ਪ੍ਰੇਰਿਆ, ਖਰੂਦ ਮਚਾਉਣ ਦੀ ਥਾਂ

'ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਖੰਡੰ ਭਾਨ ਪ੍ਰਭੰ।

ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਿ ਬਿਖ ਹਰਣੰ ਅਸ ਸਰਣੰ ।
ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ ਮਮ ਪ੍ਰਤਿਪਾਣ ਜੈ ਤੇਗੰ'

ਦਾ ਕੌਮੀ ਤਰਾਨਾ ਗਾਉਣ ਦਾ ਹੁਕਮ ਦਿੱਤਾ । ਧਰਮ ਧੁਜਾ ਝੁਲਾਉਣ ਲਈ ਖ਼ੂਨ ਦੀ ਹੋਲੀ ਖੇਡਣੀ ਜ਼ਰੂਰੀ ਪਹਿਲਾ ਕਰਮ ਹੋ ਜਾਂਦਾ ਹੈ । ਜਿਵੇਂ ਉੱਤਰ ਦੇ ਪ੍ਰਾਂਤਾਂ ਵਿਚ ਕੂੜਾ ਕੱਢ ਸਾੜਿਆ ਜਾਂਦਾ ਹੈ ਤਿਵੇਂ ਹੀ ਪੰਜੇ ਕਾਮਾਦਿਕ ਕਾਇਰਤਾ ਨੂੰ ਸਾੜ ਕੇ ਹੀ ਲਾਲੀ ਲਿਆਂਦੀ ਜਾ ਸਕੇਗੀ । ਈਰਖਾ ਚੁਗਲੀ, ਬਖ਼ੀਲੀ, ਕੀਨਾ, ਸਵਾਰਥ ਤਜ ਹੀ ਮਹੱਲਾ ਹੋਲ ਗੜ੍ਹ ਤੋਂ ਫ਼ਤਹ ਗੜ੍ਹ ਵੱਲ ਚਾੜਿਆ ਜਾ ਸਕੇਗਾ ।

ਗੁਰੂ ਗੋਬਿੰਦ ਸਿੰਘ ਜੀ ਜਦ ਵੀ ਹੋਲੀ ਦਾ ਜ਼ਿਕਰ ਕਰਦੇ ਯੁੱਧ ਦਾ ਸਮਾਂ ਬਣਾ ਦੇਂਦੇ । ਫਿਰ ਉਨ੍ਹਾਂ ਨੇ ਯੁੱਧ ਨੂੰ ਇਤਨਾ ਸੁਭਾਵਿਕ ਤੇ ਕੋਮਲ ਬਣਾ ਦਿੱਤਾ ਕਿ ਕੋਈ ਡਰ ਤੇ ਘਬਰਾ ਨ ਉਠੇ ।

ਕ੍ਰਿਸ਼ਨਾਵਤਾਰ ਦੇ ਇਕ ਛੰਦ ਵਿਚ ਕਿਸ ਸਹਜ ਨਾਲ ਜੰਗ ਤੇ ਹੋਲੀ ਦਾ ਰੰਗ ਚਾੜ੍ਹਿਆ ਹੈ, ਉਹ ਪੜ੍ਹਣ ਨਾਲ ਹੀ ਸੰਬੰਧ ਰਖਦਾ ਹੈ । ਆਪ ਜੀ ਲਿਖਦੇ ਹਨ :

ਜੋ ਤੀਰ ਚਲੇ ਉਸ ਨੂੰ ਕੇਸਰ ਛਿੜਕਿਆ ਜਾਣੋ ।
ਜੋ ਬਰਛੀ ਉਠੀ ਉਸ ਨੂੰ ਮੁੱਠਾਂ ਨਾਲ ਗੁਲਾਲ ਬਿਖੇਰਨਾ ਤਕੋ ।
ਢਾਲਾਂ ਜਦ ਅਗੇ ਹੋਈਆਂ ਤਾਂ ਇੰਞ ਜਾਣੋ ਕਿ ਡਫਾਂ ਦੀ ਮਾਲ ਬਣ ਗਈ ।
ਜੋ ਬੰਦੂਕਾਂ ਤੇ ਕਾਰਬੀਨਾਂ ਚਲ ਰਹੀਆਂ ਹਨ,
ਉਨ੍ਹਾਂ ਨੂੰ ਪਿਚਕਾਰੀ ਵਿਚ ਰੰਗ ਪਾ ਸੁਟਿਆ ਦੇਖੋ ।

ਸੂਰਮਿਆਂ ਦੇ ਵਸਤਰ ਜੋ ਖ਼ੂਨ ਨਾਲ ਲਿਬੜੇ ਹਨ, ਉਹ ਇਵੇਂ ਸਮਝੋ ਕਿ ਕੇਸਰ ਘੋਲ ਕੇ ਸੂਰਮਿਆਂ ਦੀਆਂ ਪੋਸ਼ਾਕਾਂ ਤੇ ਪਾਇਆ ਹੈ ।

ਕਿਹਾ ਨਜ਼ਾਰਾ ਬਨਿਆ ਹੈ ਕਿ ਪਤਾ ਹੀ ਨਹੀਂ ਲਗਦਾ ਕਿ ਤਲਵਾਰਾਂ ਤੇ ਕਟਾਰਾਂ ਚੁਕੀ ਸੂਰਮੇ ਲੜ ਰਹੇ ਹਨ ਜਾਂ ਇਕ ਦੂਜੇ ਤੇ ਤੋੜ- ਤੋੜ ਨਰਮ ਨਰਮ ਖਿੜੇ ਹੋਏ ਫੁੱਲ ਸੁਟ ਰਹੇ ਹਨ ।

ਬਾਨ ਚਲੇ ਤੇਈ ਕੁੰਕਮ (ਕੇਸਰ) ਮਾਨਹੁ, ਮੂਠ ਗੁਲਾਲ ਕੀ ਸਾਂਗ (ਬਰਛੀ) ਪ੍ਰਹਾਰੀ ।
ਢਾਲ ਮਨੋ ਡਫ ਮਾਲ ਬਨੀ, ਹੱਥ ਨਾਲ ਬੰਦੂਕ ਛੁਟੇ ਪਿਚਕਾਰੀ ।
ਸਉਨ (ਖ਼ੂਨ) ਭਰੇ ਪਟ ਬੀਰਨ ਕੇ, ਉਪਮਾ ਜਨੁ ਘੋਰ (ਘੋਲ) ਕੇ ਕੇਸਰ ਡਾਰੀ ।
ਖੇਲਤ ਫਾਗੁ ਕਿ ਬੀਰ ਲਰੈ,
ਨਵਲਾ ਸੀ (ਫੁਲਾਂ ਵਾਂਗ ਹਲਕੀ ਜਹੀ) ਲੀਏ ਕਰਵਾਰ ਕਟਾਰੀ ।੧੩੯੪੫।

ਗੁਰੂ ਗੋਬਿੰਦ ਸਿੰਘ ਜੀ ਨੇ ੧੧ ਨਵੰਬਰ, ੧੬੭੫ ਈ: (ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ) ਨੂੰ ਹੀ ਦੇਖ ਲਿਆ ਸੀ ਕਿ ਅਜੇ ਸਿੱਖਾਂ ਵਿਚ ਅਭੈ-ਪਦ ਦਾ ਸਿੱਖਰ ਨਹੀਂ ਆਇਆ । ਗੁਰੂ ਇਸ਼ਟ ਦਾ ਸੀਸ ਤੇ ਧੜ ਰੁਲਦਾ ਦੇਖ ਮਨ ਦਰਵੇ ਤਾਂ ਜ਼ਰੂਰ ਸਨ ਪਰ ਨਿੱਤਰੇ ਵਿਰਲੇ ਸਨ । ਸੋ ਉਹਨਾਂ ਉਸ ਸਮੇਂ ਤੋਂ ਹੀ ਐਸੀ ਦੀ ਭਾਲ ਅਰੰਭ ਕਰ ਦਿੱਤੀ ਸੀ । ਗੁਰੂ ਜੀ ਇਸ ਸੋਚ ਵਿਚ ਹੀ ਲੱਗੇ ਸਨ ਕਿ ਕਿਹੜੀ ਕਮਜ਼ੋਰੀ ਹੈ ਜਿਸ ਨੇ ਸਿੱਖ ਨੂੰ ਪਕੜਿਆ ਹੋਇਆ ਹੈ । ਆਗੂ ਗੁਰੂ ਦਾ ਪਹਿਲਾ ਕੰਮ ਹੀ ਇਹ ਹੈ ਕਿ ਕਮਜ਼ੋਰੀ ਲੱਭੇ ਤੇ ਕਮਜ਼ੋਰੀ ਪਰਗਟਾ ਉਸ ਨੂੰ ਦੂਰ ਕਰੇ । 'ਗੁਰੁ ਦਿਖਲਾਈ ਮੋਰੀ । ਜਿਤ ਮਿਰਗ ਪੜਤ ਹੈ ਚੋਰੀ', ਗੁਰਬਾਣੀ ਦਾ ਫ਼ਰਮਾਨ ਹੈ । ਹੋਲਾ ਮਹੱਲਾ ਦਾ ਅਰਥ ਵੀ ਇਹ ਹੈ । ਹੋਲਾ ਦਾ ਅਰਥ ਹੈ ਹਮਲਾ ਤੇ ਮਹੱਲਾ ਦਾ ਜਾਇ-ਹਮਲਾ । ਇਹ ਪਤਾ ਲਗਾ ਲੈਣਾ ਕਿ ਕਿੱਥੇ ਹਮਲਾ ਕੀਤਿਆਂ ਵੈਰੀ ਭੱਜ ਜਾਏਗਾ । ਕਿਸ ਥਾਂ ਹਮਲਾ ਕੀਤਿਆਂ ਭਰਮ ਗੜ੍ਹ ਟੁੱਟ ਜਾਏਗਾ, ਭੈ ਦਾ ਕਿਲ੍ਹਾ ਗਿਰ ਜਾਏਗਾ । ਇਹ ਪਤਾ ਲਗਾ ਲੈਣਾ ਜਿਸ ਨਾਲ ਕਾਇਰਤਾ ਹਟੇ ਤੇ ਜਵਾਂ ਮਰਦੀ ਆ ਜਾਏ । ਬੁਜ਼ਦਿਲੀ ਹਟੇ ਤੇ ਨਿਰਭੈਤਾ

ਥਾਂ ਲਵੇ । ਮਾੜੀ ਅਵੱਸਥਾ ਦੀ ਥਾਂ ਪਾਕੀਜ਼ਗੀ ਲੈ ਲਵੇ । ਇਸ ਮੰਤਵ ਲਈ ਗੁਰੂ ਪਾਤਸ਼ਾਹ ਨੇ ਹੋਲਾ ਮਨਾਉਣ ਦਾ ਤੇ ਮਹੱਲਾ ਚਾੜ੍ਹਨ ਦਾ ਫ਼ੈਸਲਾ ਕੀਤਾ । ਹੋਲਾ ਅਭੈ ਪਦ ਦਾਨ ਦਾ ਹੀ ਸੂਚਕ ਹੈ ।

ਹੋਲਾ ਦਾ ਇਕ ਹੋਰ ਅਰਥ, 'ਘੇਰਨਾ', ਚਾਰੇ ਪਾਸੇ ਵਲ ਕੇ, ਘੇਰ ਕੇ ਹਾਹਾਕਾਰ ਪਾ ਕੇ ਵੈਰੀ ਨੂੰ ਮਾਰਨ ਦੀ ਕਿਰਿਆ ਵੀ ਕੀਤਾ ਜਾਂਦਾ ਹੈ । ਗੁਰੂ ਅਰਜਨ ਜੀ ਨੇ ਇਸ ਕਿਰਿਆ ਦਾ ਜ਼ਿਕਰ ਵੀ ਕੀਤਾ ਹੈ । ਇਹਨਾਂ ਕਾਮਾਦਿਕਾਂ ਦਾ ਬੜਾ ਡਾਢਾ ਤੇ ਵੱਡਾ ਕੋੜਮਾ ਹੈ । ਨਾ ਇਹ ਕਿਸੇ ਦੇ ਕਾਬੂ ਵਿਚ ਆਉਂਦੇ ਹਨ ਤੇ ਨਾ ਇਹ ਕਿਸੇ ਪਾਸੋਂ ਡਰ ਕੇ ਭੱਜਦੇ ਹਨ । ਇਹਨਾਂ ਦੀ ਫ਼ੌਜ ਬੜੀ ਮਜ਼ਬੂਤ, ਹੱਠ ਵਾਲੀ ਹੈ । ਸਿਰਫ਼ ਉਸ ਮਨੁੱਖ ਨੇ ਇਹਨਾਂ ਨੂੰ ਚੰਗੀ ਤਰ੍ਹਾਂ ਲਤਾੜਿਆ ਹੈ ਜਿਹੜਾ ਸਾਧ ਸੰਗਤ ਵਿਚ ਆ ਇਸ ਨੂੰ ਘੇਰ (ਝਲੀ ਰੇ) ਲੈਂਦਾ ਹੈ । ਜਿਵੇਂ ਸ਼ੇਰ ਦੇ ਸ਼ਿਕਾਰ ਵੇਲੇ ਉਸ ਨੂੰ ਸਾਰੇ ਘੇਰ ਕੇ ਨਿਸ਼ਾਨੇ ਉੱਤੇ ਲੈ ਆਉਂਦੇ ਹਨ । ਹੋਲਾ ਦਾ ਭਾਵ ਘੇਰ ਕੇ ਵੈਰੀ ਨੂੰ ਮਾਰਨਾ ਹੀ ਹੈ । ਸਿੱਖਾਂ ਨੇ ਕਾਮਾਦਿਕ ਵੈਰੀਆਂ ਨੂੰ ਜਿੱਤਣ ਦਾ ਢੰਗ ਹੋਲਾ ਕੱਢ ਕੇ ਸਿੱਖ ਲਿਆ ਹੈ :

'ਵਡੀ ਕੋੌਮ ਵਸਿ ਭਾਗਹਿ ਨਾਹੀ, ਮੁਹਕਮ ਫਉਜ ਹਠਲੀ ਰੇ ।
ਕਹੁ ਨਾਨਕ ਤਿਨਿ ਜਨਿ ਨਿਰਦਲਿਆ, ਸਾਧ ਸੰਗਤਿ ਕੈ ਝਲੀ ਰੇ ॥'

ਹੋਲਾ ਨੂੰ ਹੂਲ ਦਾ ਵਿਗੜਿਆ ਰੂਪ ਵੀ ਆਖਿਆ ਜਾਂਦਾ ਹੈ । ਹੂਲ ਦਾ ਭਾਵ ਹੈ :'ਤਲਵਾਰ ਦੀ ਨੋਕ' । ਹੋਲੀ ਤੋਂ ਹੋਲਾ ਬਣਾ ਕੇ ਗੁਰੂ ਜੀ ਨੇ ਮੁੱਖ ਆਸ਼ਾ ਦਰਸਾ ਦਿੱਤਾ ।'ਤਲਵਾਰ ਦੀ ਨੋਕ ਉੱਤੇ ਖੇਡਣਾ ਹੀ ਸਿੱਖੀ ਹੈ । ਸਿੱਖੀ ਦਾ ਮਾਰਗ 'ਖੰਨਿਓ ਤਿੱਖਾ' ਤੇ ਇਸ ਮਾਰਗ ਦਾ ਅਰੰਭ ਉਥੋਂ ਹੁੰਦਾ ਹੈ ਜਿਥੋਂ ਦੁਨੀਆ ਮੁੱਕਦੀ ਹੈ । 'ਸਿਰ ਧਰ ਤਲੀ' ਅਨੰਦਪੁਰ ਦੀ ਗਲੀ ਵਿਚ ਪੁਜਣਾ ਇਸ ਦਾ ਅਰੰਭ ਹੈ । 'ਪਹਿਲਾ ਮਰਨ ਕਬੂਲ ਜੀਵਨ ਕੀ ਛਡਿ ਆਸਿ' ਹੈ ਤੇ ਫਿਰ 'ਹੋ ਸਭਨਾਂ ਦੀ ਰੇਣਕਾ' ਤਾਂ ਫਿਰ ਗੁਰੂ ਪਾਸ ਜਾਣਾ ਹੈ । ਐਸਾ ਮੰਨਣ ਤੇ ਕਰਨ ਵਾਲਾ ਸਿੱਖ ਹੀ ਸਫ਼ਲਤਾ ਨਾਲ ਮਹੱਲਾ ਚੜ੍ਹਾ ਸਕੇਗਾ । ਐਸਾ ਸਿੱਖ ਰਸਤੇ ਵਿਚ ਵਗਦੀ ਚਰਨ ਗੰਗਾ ਪਾਰ ਕਰ ਕੇ ਫ਼ਤਹ ਗੜ੍ਹ ਪੁਜ ਕੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਲਵੇਗਾ । ਅਨੰਦਪੁਰ ਵਿਚ ਹੁਣ ਤਕ ਹੋਲਾ ਮਹੱਲਾ,ਹੋਲ ਗੜ੍ਹ ਤੋਂ ਚੜ੍ਹ ਚਰਨ ਗੰਗਾ ਪਾਰ ਕਰ ਕੇ ਫ਼ਤਹ ਗੜ੍ਹ ਤੋਂ ਅਗੰਮ ਪੁਰ ਪੁਜਣ ਦੀ ਰੀਤੀ ਨਿਭਾਈ ਜਾ ਰਹੀ ਹੈ । ਇਹ ਵੀ ਚੇਤਾ ਰਹੇ ਕਿ 14 ਗੁਰਦਵਾਰਿਆਂ ਤੋਂ ਨਿਸ਼ਾਨ ਸਾਹਿਬ ਧੌਂਸੇ ਚਰਨ ਗੰਗਾ ਲੰਘ ਅਗੰਮ ਪੁਰ ਪੁਜਦੇ ਹਨ ।

ਗੁਰੂ ਗੋਬਿੰਦ ਸਿੰਘ ਜੀ ਨੇ ਤੱਖ਼ਤ ਉੱਤੇ ਬੈਠਦੇ ਸਾਰ ਹੀ ਇਹ ਵੀਚਾਰ ਦੇ ਦਿੱਤੀ ਸੀ ਕਿ "ਇਹ ਲੱਭਣਾ ਜ਼ਰੂਰੀ ਹੈ ਕਿ ਉਹ ਕਿਹੜੀ ਕਮਜ਼ੋਰੀ ਹੈ ਜਿਸ ਨੇ ਸਾਹਮਣੇ 'ਇੱਜ਼ਤ ਲੁਟੀਂਦੀ' ਦੇਖ ਚੁਪ ਕੱਟੀ ਕੀਤੀ ? ਉਹ ਕਿਹੜੀ ਵਸਤੂ ਹੈ ਜਿਸ ਨੇ ਮਿਥਿਹਾਸਕ ਸ਼ਕਤੀ ਹੀ ਖੋਹ ਲਈ ਹੈ ? ਉਹ ਕਿਹੜੀ ਬੀਮਾਰੀ ਹੈ ਜਿਸ ਨੇ ਇਸ ਹੱਦ ਤਕ ਕਮਜ਼ੋਰ ਕਰ ਦਿੱਤਾ ? ਉਹ ਕਿਹੜੀ ਪਵਨ ਹੈ ਜਿਸ ਨੇ ਹਰੇ ਭਰੇ, ਫੁਲੇ ਫਲੇ ਬਾਗ਼ ਨੂੰ ਵੈਰਾਨ ਕਰ ਦਿੱਤਾ ? ਉਹ ਕਿਹੜਾ ਜਾਲ ਹੈ ਜਿਸ ਵਿਚ ਐਸੀ ਬੁਰੀ ਤਰ੍ਹਾਂ ਫਸਾ ਦਿੱਤਾ ਗਿਆ ਹੈ ਕਿ ਨਿਕਲਣਾ ਹੀ ਅਸੰਭਵ ਹੋ ਗਿਆ ? ਉਹ ਕਿਹੜਾ ਕੀਤਾ ਹੈ ਜਿਸ ਨੇ ਜੜ੍ਹ ਨੂੰ ਪੀਸ ਰਖਿਆ ਹੈ ਤੇ ਘੁੰਣ ਵਾਂਗ ਖਾ ਮੁਕਾਇਆ ਹੈ ਤੇ ਕਿਸੇ ਨੂੰ ਪਤਾ ਨਹੀਂ ਲੱਗ ਰਹਿਆ ? ਉਹ ਕਿਹੜਾ ਜ਼ਹਿਰੀਲਾ ਸੱਪ ਹੈ ਜਿਸ ਨੇ ਐਸਾ ਡਸਿਆ ਹੈ ਕਿ ਸਾਰੀ ਮਨੁੱਖਤਾ ਹੀ ਨਿਢਾਲ ਹੋ ਡਿੱਗੀ ਹੈ ? ਉਹ ਕਿਹੜਾ ਜਾਦੂ ਹੈ ਜਿਸ ਦੇ ਪ੍ਰਭਾਵ ਹੇਠ ਮਨੁਖ ਨੇ ਪਸ਼ੂ ਵਿਰਤੀ ਧਾਰਨ ਕਰ ਲਈ ?" ਬੀਮਾਰੀ ਦਾ ਨਾਮ ਲੈਂਦੇ ਹੋਏ ਗੁਰੂ ਜੀ ਨੇ ਫ਼ਰਮਾਇਆ 'ਉਹ ਬੀਮਾਰੀ ਹੈ 'ਸੁਆਰਥ'-'ਖ਼ੁਦਗਰਜ਼ੀ' । ਸੁਆਰਥ ਤੋਂ ਉਪਜਦੀ ਹੈ ਈਰਖਾ ਤੇ ਈਰਖਾ ਜਨਮ ਦੇਂਦੀ ਹੈ ਨਫ਼ਰਤ ਤੇ ਘਿਰਣਾ ਨੂੰ । ਇਸ ਘਿਰਣਾ ਨੇ ਹੀ ਊਚ-ਨੀਚ ਦੇ ਖ਼ਿਆਲਾਂ ਨੂੰ ਪਕਿਆਂ ਕੀਤਾ ਹੈ । ਇਸ ਊਚ-ਨੀਚ ਨੇ ਇਕ ਨੂੰ ਹੀਣਾ, ਨਿਰਬਲ ਤੇ ਕਮਜ਼ੋਰ ਬਣਾ ਦਿੱਤਾ ਹੈ ਤੇ ਦੂਜੇ ਨੂੰ ਅਭਿਮਾਨੀ, ਲਾ-ਪ੍ਰਵਾਹ, ਅਵੇਸਲਾ ਤੇ ਕਾਇਰ । ਇਸ ਊਚ-ਨੀਚ ਦੇ ਖ਼ਿਆਲ ਨੂੰ ਦੂਰ ਕਰਨਾ ਪਹਿਲਾ ਕਦਮ ਸੀ । ਇਸੇ ਲਈ ਜੋ ਤਹਿਵਾਰ ਲੋਕਾਂ ਦੀ ਨਜ਼ਰ ਵਿਚ ਸ਼ੂਦਰਾਂ

ਲਈ ਨਿਯਤ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਉਹ ਹੀ ਚੁਣਿਆ ਤਾਕਿ ਨੀਵੇਂ-ਉਚੇ ਦਾ ਭੇਦ ਮਿਟ ਜਾਏ ਤੇ ਨੀਵਾਂ, ਉੱਚਾ ਹੋ ਜਰਵਾਣਿਆਂ, ਹਰਨਾਖਸ਼ਾਂ ਦਾ ਟਾਕਰਾ ਕਰ ਸਕੇ ।ਹੋਲਾ ਮਨਾ ਕੇ ਪ੍ਰਗਟ ਕਰ ਦੇਵੇ ਕਿ ਉਸ ਨੂੰ ਸਦੀਆਂ ਤੋਂ ਪਾਈ ਮਨੁੱਖ ਦੀ ਵੰਡ ਪਰਵਾਨ ਨਹੀਂ ਹੈ । ਕੌਮ ਨੇ ਰਮਜ਼ ਨੂੰ ਸਮਝ ਲਿਆ ਤੇ ਅਨੰਦਪੁਰ ਵਲ ਵਹੀਰਾਂ ਪਾ ਦਿੱਤੀਆਂ । ਲਿਤਾੜੇ ਜਾ ਰਹੇ ਸਮਾਜ ਲਈ ਉਤਸ਼ਾਹ ਦੀ ਲਾਲੀ ਹੀ ਸੀ ।ਹੋਲੀ ਦਾ ਸੁਭਾਅ ਹੀ ਬਦਲ ਗਿਆ । 'ਜਾਕੀ ਛੋਤ ਜਗਤ ਕੋ' ਲੱਗਦੀ ਸੀ, ਉਸ ਉੱਤੇ ਗੁਰੂ ਗੋਬਿੰਦ ਸਿੰਘ ਜੀ ਨੇ ਐਸੀ ਕਿਰਪਾ ਕੀਤੀ ਕਿ ਉਹ ਹੀ 'ਸਰਦਾਰ' ਬਣ ਗਿਆ । ਨਵੇਂ ਰੰਗ ਬਿਖੇਰੇ ਗਏ । ਨਵਾਂ ਸਮਾਜ ਬਣਿਆ । ਨਵੀਂ ਸਭਯਤਾ ਨੇ ਅਨੰਦਪੁਰ ਵਿਖੇ ਜਨਮ ਲਿਆ । ਜੁਅੱਰਤਿ ਜਮਾਲ ਆਈ । ਜਿਸ ਲਈ ਤੁਰਨ ਦੀ ਵੀ ਮਨਾਹੀ ਸੀ , ਉਨ੍ਹਾਂ ਨੇ ਘੋੜਿਆਂ ਦੀ ਸਵਾਰੀ ਕੀਤੀ । ਜੰਗੀ ਕਵਾਇਦਾਂ ਹੋਣ ਲੱਗੀਆਂ ਤੇ ਹੋਲੇ ਵਾਲੇ ਦਿਨ ਮੁਕਾਬਲੇ ਤੇ ਟਾਕਰੇ ਹੋਣ ਲਗੇ । ਉਸ ਦਿਨ ਤੋਂ ਹੀ ਇਹ ਰੀਤ ਬਣਾਈ ਗਈ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੱਖ ਹੇਠ ਇਕ ਜੱਥਾ ਨਿਯਤ ਕੀਤੀ ਥਾਂ ਉੱਤੇ ਕਬਜ਼ਾ ਕਰਨ ਲਈ ਹਮਲਾ ਕਰੇ । ਦੂਜਾ ਜੱਥਾ ਉਸ ਦਾ ਟਾਕਰਾ ਕਰੇ । ਜੋ ਜਿੱਤ ਜਾਂਦਾ ਉਸ ਨੂੰ ਗੁਰੂ ਸਾਹਿਬ ਆਪ ਇਨਾਮ ਦਿੰਦੇ । ਇਸ ਤਰ੍ਹਾਂ ਸਿੱਖਾਂ ਵਿਚ ਸ਼ਸਤਰ ਤੇ ਯੁਧ-ਵਿਦਿਆ ਵੀ ਨਿਪੁੰਨ ਹੋਣ ਲੱਗੀ । ਅਨੰਦਪੁਰ ਵਿਚ ਜੁੜਨ ਵਾਲਿਆਂ ਦਾ ਪਸ਼ੂ ਭਾਵ ਹਟਿਆ, ਕਾਇਰਤਾ ਦੂਰ ਹੋਈ । ਨਵਾਂ, ਨਰੋਆ ਇਨਸਾਨ ਜਾਗ ਉਠਿਆ । ਠੀਕ ਭਗਤ ਕਬੀਰ ਜੀ ਦੀ ਤੁਕ 'ਰਾਜਾ ਰਾਮ ਕਕਰੀ ਆਬਰੇ ਪਕਾਏ' ਵਾਲੀ ਗੱਲ ਹੋਈ । ਸੋਹਣੇ ਗੁਰੂ ਗੋਬਿੰਦ ਸਿੰਘ ਜੀ ਨੇ ਅੱਕਾਂ ਦੀਆਂ ਖਖੜੀਆਂ ਨੂੰ ਹੁਣ ਪੱਕੇ ਹੋਏ ਅੰਬ ਬਣਾ ਦਿੱਤਾ । ਜਿਨ੍ਹਾਂ ਨੂੰ ਥੂ ਥੂ ਹੁੰਦੀ ਸੀ ਤੇ ਜੋ ਥੂ ਥੂ ਕਰਦੇ ਸਨ, ਉਹ ਮਿਠੇ ਤੇ ਪ੍ਰਵਾਨ ਹੋਣ ਲੱਗੇ । ਉਹਨਾਂ ਕੋਲ ਬੈਠ ਹਰ ਕੋਈ ਰਸ ਲੈਣ ਲੱਗਾ । ਜੋ ਮਨੁੱਖ ਪਹਿਲਾਂ ਨਿਰੇ ਦਿਖਾਵੇ ਦੇ ਕਰਮ ਕਰਦਾ ਸੀ, ਉਸ ਮਨੁੱਖ ਨੇ ਦਿਖਾਵਾ ਤਜ ਦਿੱਤਾ ਤੇ ਉਸ ਦੀ ਥਾਂ ਸੁਆਦ, ਮਿਠਾਸ, ਰਸ ਤੇ ਅਸਲੀਅਤ ਨੇ ਲੈ ਲਈ । ਜੋ ਸੁਭਾਉ ਪਹਿਲਾਂ ਅਹੰਕਾਰ (ਹਾਥੀ), ਆਲਸ (ਬਲਦ), ਕਾਮ (ਗੱਧਾ), ਅਮੋੜਪੁਣਾ (ਭੈਂਸਾ) ਅਤੇ ਅਤਿਚਤੁਰਾਈ (ਕਾਂ) ਵਾਲਾ ਸੀ, ਹੁਣ ਬਦਲ ਕੇ ਗੁਣ ਗਾਉਣ (ਰਬਾਬੀ), ਸਦਾ ਸਦਾ ਜਾਗਤ (ਪਖਾਵਜ) ਪਰੇਮ, ਭਗਤੀ ਅਤੇ ਨਿਰਮਲ ਨਿਮਰਤਾ ਵਾਲਾ ਹੋ ਗਿਆ :

> 'ਫੀਲੁ ਰਬਾਬੀ ਬਲਦੁ ਪਖਾਵਜ, ਕਊਆ ਤਾਲ ਬਜਾਵੈ ।
> ਪਹਿਰਿ ਚੋਲਨਾ ਗਦਹਾ ਨਾਚੈ, ਭੈਸਾ ਭਗਤਿ ਕਰਾਵੈ ।,

ਇਸੇ ਸ਼ਬਦ ਦੀਆਂ ਅੰਤਲੀਆਂ ਤੁਕਾਂ ਤਾਂ ਬਦਲੇ ਸੁਭਾਅ ਦੀਆਂ ਠੀਕ ਨਕਸ਼ਾ ਹੀ ਹਨ । ਐਸਾ ਸੁਭਾਅ ਬਦਲ ਜਾਣ ਦਾ ਸਿੱਟਾ ਇਹ ਨਿਕਲਿਆ ਕਿ ਅਖੌਤੀ ਨੀਵਿਆਂ ਨੇ ਜਰਵਾਣਿਆਂ ਨੂੰ ਮਾਰ ਮੁਕਾਇਆ । ਨਿੰਮ੍ਰਤਾ ਨੇ ਅਹੰਕਾਰ ਨੂੰ ਮੁਕਾ ਦਿੱਤਾ । ਉਹ ਹੀ ਮਨੁੱਖ ਜੋ ਉੱਚੀ ਜਾਤ ਦਾ ਅਹੰਕਾਰ ਕਰ ਕੇ ਕਛੂਏ ਵਾਂਗ ਮਨੁੱਖਾਂ ਨੂੰ ਦੁਰੇ ਕਹਿੰਦਾ ਰਹਿੰਦਾ ਸੀ ਤੇ ਨਵੇਕਲੇ ਪਾਣੀ ਵਿਚ ਰਹਿਣ ਕਰ ਕੇ ਕੋਰਾ ਸੀ, ਹੁਣ ਇਹ ਕਹਿਣ ਲੱਗ ਪਿਆ, 'ਮੈਨੂੰ ਨਿੱਘ ਚਾਹੀਦੀ ਹੈ', ਸੰਗਤ ਜ਼ਰੂਰੀ ਹੈ ਤੇ ਇਨਸਾਨੀ ਹਮਦਰਦੀ ਲਈ ਮੈਦਾਨ ਵਿਚ ਵੀ ਕੁਦ ਪਿਆ ।

ਜਿਸ ਮਨੁੱਖ ਦਾ ਸੁਭਾਅ ਇਕ ਦੂਜੇ ਨੂੰ (ਗੁਤੀ) ਵਾਂਗ ਹਨੇਰੇ ਵਿਚ ਡੰਗ ਮਾਰਨਾ ਸੀ, ਜਿਸ ਦਾ ਸੁਭਾਅ ਪਿਠ ਵਿਚ ਛੁਰਾ ਮਾਰਨ ਦਾ ਸੀ, ਉਸ ਦੀ ਅਗਿਆਨਤਾ ਉਲਟ ਕੇ ਗਿਆਨ ਬਣ ਗਈ । ਉਸ ਨੂੰ ਸੁਝ ਆ ਗਈ ਕਿ ਮਿਤ੍ਰ-ਘਾਤ ਕਰਨਾ ਕਿਤਨਾ ਘੋਰ ਪਾਪ ਹੈ । ਉਹ ਹੀ ਮਨੁੱਖ ਹੋਰਨਾਂ ਨੂੰ ਗੁਰੂ ਸ਼ਬਦ ਸੁਣਾਉਣ ਲੱਗ ਪਿਆ :

> 'ਕਹਤ ਕਬੀਰ ਸੁਨਹੁ ਰੇ ਸੰਤਹੁ, ਕੀਟੀ ਪਰਬਤੁ ਖਾਇਆ
> ਕਛੂਆ ਕਹੈ ਅੰਗਾਰ ਭਿ ਲੋਰਉ । ਲੂਕੀ ਸਬਦ ਸੁਨਾਇਆ ।

ਗੁਰੂ ਅਰਜਨ ਜੀ ਨੇ ਵੀ ਇਕ ਐਸੀ ਹੀ ਤਬਦੀਲੀ ਦਾ ਜ਼ਿਕਰ ਆਸਾ ਰਾਗ ਦੇ ਵਿਚ ਕੀਤਾ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਨਿਰੋਲ ਅਮਲੀ ਜਾਮਾ ਹੀ ਪਹਿਨਾਇਆ ਹੈ । ਗੁਰੂ ਜੀ ਕਹਿੰਦੇ ਹਨ : 'ਜਿਸ ਮਨੁੱਖ ਉਤੇ ਗੁਰੂ ਪਾਤਸ਼ਾਹ ਨੇ ਆਪਣੀ ਬਖ਼ਸ਼ਸ਼ ਕਰ ਦਿੱਤੀ ਹੈ ਉਸ ਦੀ ਅੱਤ ਨੀਚ ਚੰਡਾਲਣ ਬ੍ਰਿਤੀ ਵੀ ਬ੍ਰਹਿਮਣੀ ਬਣ ਗਈ ਹੈ । ਸ਼ੂਦਰਨੀ ਉੱਚੀ ਕੁਲ ਵਾਲੀ ਹੋ ਗਈ ਹੈ । ਜਿਹੜੀ ਬਿਰਤੀ ਪਹਿਲਾਂ ਸੁਆਰਥੀ ਸੀ ਤੇ ਪਤਾਲ ਤੋਂ ਲੈ ਕੇ ਅਕਾਸ਼ ਤਕ ਸਾਰੀ ਦੁਨੀਆਂ ਦੇ ਪਦਾਰਥ ਲੈ ਕੇ ਭੀ ਭੁਖੀ ਰਹਿੰਦੀ ਸੀ, ਉਸ ਦੀ ਤ੍ਰਿਸ਼ਨਾ-ਅੱਗ ਦੀ ਲਾਟ ਬੁਝ ਗਈ ਹੈ । ਉਸੇ ਮਨੁੱਖ ਵਿਚ ਸਬਰ ਸਿਦਕ ਤੇ ਸ਼ਹੀਦੀ ਦਾ ਜਜ਼ਬਾ ਆ ਗਿਆ :

'ਅਧਮ ਚੰਡਾਲੀ ਭਈ ਬ੍ਰਹਮਣੀ, ਸੂਦੀ ਤੇ ਸ੍ਰੇਸਟਾਈ ਰੇ ॥

ਪਾਤਾਲੀ ਅਕਾਸੀ ਸਖਨੀ, ਲਹਬਰ ਬੂਝੀ ਖਾਈ ਰੇ ॥'

ਇਸ ਸਾਰੇ ਪਰੀਵਰਤਨ ਦਾ ਅਸਰ ਇਹ ਹੋਇਆ ਕਿ ਜੋ ਮਨੁੱਖ ਪਹਿਲਾ ਤੱਤੇ ਥਾਂ ਪੈਰ ਰੱਖਣ ਤੋਂ ਵੀ ਝਿਜਕਦਾ ਸੀ, ਉਹ ਬਲਦੀਆਂ ਅੱਗਾਂ ਵਿਚ ਕੁਦਣ ਲੱਗ ਪਿਆ । ਇਕ ਅਜੀਬ ਜਹੀ ਲਾਲੀ ਇਸ ਦੇ ਮੁੱਖੜੇ ਉੱਤੇ ਹੋਲੇ ਮਹੱਲੇ ਨੇ ਚਾੜ੍ਹ ਦਿੱਤੀ । ਜੰਗਾਂ ਯੁੱਧਾਂ ਵਿਚ ਚਾਅ ਨਾਲ ਹਿੱਸਾ ਲੈਣ ਲੱਗਾ । ਨਗਾਰੇ ਦੀ ਚੋਟ ਉੱਤੇ ਇਸ ਨੇ ਗੱਲ ਕਹਿਣ ਦਾ ਸੁਭਾਉ ਬਣਾ ਲਿਆ । 'ਅੰਤਰ ਪੂਜਾ, ਪੜਹਿ ਕਤੇਬਾ, ਸੰਜਮ ਤੁਰਕਾ ਭਾਈ' ਵਾਲਾ ਆਚਰਨ ਮੁੱਕ ਗਿਆ । ਇਸ ਮਨੁੱਖ ਨੇ ਆਪਣੇ ਅਸਲੇ ਨੂੰ ਪਛਾਣ ਲਿਆ । ਕਿਤਨੀ ਲਾਲੀ ਚੜ੍ਹੀ, ਕਿਤਨੀ ਜੁਅਰਤ ਆਈ, ਉਸ ਦਾ ਅੰਦਾਜ਼ਾ ਸਮਕਾਲੀ ਇਤਿਹਾਸ (ਮੁਆਸਰੇ ਆਲਮਗੀਰੀ ਆਦਿ) ਵਿਚ ਦਰਜ ਘਟਨਾਵਾਂ ਤੋਂ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ । ੧੧ ਨਵੰਬਰ ੧੬੭੫ ਨੂੰ ਚਾਂਦਨੀ ਚੌਂਕ ਵਿਚੋਂ ਕੋਈ ਆਪਣੇ ਇਸ਼ਟ-ਗੁਰੂ ਦਾ ਪਵਿਤਰ ਸੀਸ ਤੇ ਧੜ ਦਿਨ ਦੀਵੀਂ ਉਠਾਣ ਲਈ ਤਿਆਰ ਨਹੀਂ ਹੁੰਦਾ, ਪਰ ਅਗਲੇ ਹੀ ਸਾਲ ੮ ਜੁਲਾਈ ੧੬੭੬ ਨੂੰ ਔਰੰਗਜ਼ੇਬ ਫ਼ਤਹਪੁਰੀ ਤੋਂ ਵਾਪਸ ਆ ਰਹਿਆ ਸੀ । ਇਕ ਸਿੱਖ ਨੇ ਲਕੜ ਦਾ ਡੰਡਾ ਵਗਾਹ ਮਾਰਿਆ । ਡੰਡਾ ਔਰੰਗਜ਼ੇਬ ਦੇ ਛੱਤਰ ਦੇ ਅਗਲੇ ਬੰਨੇ ਜਾ ਵੱਜਾ । ਉਹ ਸਿੱਖ ਪਕੜਿਆ ਗਿਆ, ਉਸ ਕੋਈ ਪਰਵਾਹ ਨਾ ਕੀਤੀ । ਫੇਰ ਔਰੰਗਜ਼ੇਬ ਅਗਸਤ ੨੮,੧੬੭੬ ਨੂੰ ਚਾਂਦਨੀ ਚੌਂਕ ਦੀ ਮਸਜਦ ਪੁਜਾ ਹੀ ਸੀ ਕਿ ਇਕ ਸਿੱਖ ਨੇ ਪੱਥਰ ਮਾਰੇ । ਔਰੰਗਜ਼ੇਬ ਮਸਾਂ ਹੀ ਬੱਚਿਆ । ਸਿੱਖ ਨੂੰ ਥਾਂ ਹੀ ਸ਼ਹੀਦ ਕਰ ਦਿੱਤਾ ਗਿਆ । ਫੇਰ ੩੦ ਅਕਤੂਬਰ ੧੬੭੬, ਉਸੇ ਸਾਲ ਔਰੰਗਜ਼ੇਬ, ਜੁਮੇ ਦੀ ਨਮਾਜ਼ ਜਾਮਾ ਮਸਜਿਦ ਵਿਚੋਂ ਅਦਾ ਕਰ ਕੇ ਜਮਨਾ ਵਿਚ ਬੇੜੀ ਉੱਤੇ ਪੈਰ ਰੱਖਣ ਹੀ ਲੱਗਾ ਸੀ ਕਿ ਇਕ ਸਿੱਖ ਦੋੜ ਕੇ, ਨੰਗੀ ਤਲਵਾਰ ਕੱਢ ਕੇ, ਔਰੰਗਜ਼ੇਬ ਲਾਗੇ ਆ ਗਿਆ । ਜੋ ਔਰੰਗਜ਼ੇਬ ਦੇ ਅੰਗ ਰਖਸ਼ਕ ਫੁਰਤੀ ਨਾਲ ਉਸ ਨੂੰ ਨਾ ਰੋਕਦੇ ਤਾਂ ਔਰੰਗਜ਼ੇਬ ਨੇ ਥਾਂ ਹੀ ਖ਼ਤਮ ਹੋ ਜਾਣਾ ਸੀ । ਇਹ ਸੀ ਨਿਰਾਲੀ ਜੁਰਅਤਿ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹੋਲੇ ਨੇ ਭਰੀ । ਇਹ ਉਹ ਵਕਤ ਸੀ ਕਿ ਔਰੰਗਜ਼ੇਬ ਦੀ ਪਿਛੋਂ ਕੰਡੀ ਵੀ ਲੋਕੀ ਥੱਰ ਥੱਰ ਕੰਬਦੇ ਸਨ । (ਯਾਦ ਰਹੇ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵਾਲੇ ਦਿਨ ਔਰੰਗਜ਼ੇਬ ਹਸਨ ਅਬਦਾਲ (ਪੰਜਾ ਸਾਹਿਬ) ਕੈਂਪ ਲਗਾਈ ਬੈਠਾ ਸੀ) ਔਰੰਗਜ਼ੇਬ ਸ਼ਹੀਦ ਕਰਨ ਦਾ ਹੁਕਮ ਦੇ ਅਤੇ ਇਹ ਫ਼ਰਮਾਨ ਜਾਰੀ ਕਰ ਕੇ ਕਿ ਕੋਈ (ਗੁਰੂ) ਤੇਗ਼ ਬਹਾਦਰ ਦੇ ਮਿਰਤਕ ਸਰੀਰ ਨੂੰ ਹੱਥ ਨ ਲਗਾਏ ਤੇ ਸਰੀਰ ਦੇ ਚਾਰ ਟੋਟੇ ਕਰ ਕੇ ਦਿੱਲੀ ਦੇ ਚਾਰ ਦਰਵਾਜ਼ਿਆਂ ਉਤੇ ਟੰਗ ਦਿੱਤੇ ਜਾਣ, ਦਿੱਲੀ ਤੋਂ ਚਲਾ ਗਿਆ ਸੀ । ਦੂਜੇ ਪਾਸੇ ਉਸੇ ਔਰੰਗਜ਼ੇਬ ਦੇ ਟਾਕਰੇ ਆ ਕੇ ਡੰਡੇ ਮਾਰਨੇ, ਪੱਥਰ ਸੁਟਣੇ ਤੇ ਨੰਗੀ ਤਲਵਾਰ ਲੈ ਕੇ ਵੰਗਾਰਨਾ, ਕਰਾਮਾਤ ਹੀ ਸੀ । ਇਸ ਵੰਗਾਰ ਤੋਂ ਔਰੰਗਜ਼ੇਬ ਇਤਨਾ ਘਬਰਾਇਆ ਸੀ ਕਿ ਉਸ ਨੇ ਫ਼ਰਮਾਨ ਜਾਰੀ ਕੀਤਾ, 'ਜੇ (ਗੁਰੂ) ਗੋਬਿੰਦ (ਸਿੰਘ) ਸਾਧੂ ਬਣ ਕੇ ਵਡੇ ਵਡੇਰਿਆਂ ਵਾਂਗ ਚੁਪ ਚਾਪ ਰਹੇ, ਸਿੱਖਾਂ ਪਾਸੋਂ ਸਚਾ ਪਾਤਸ਼ਾਹ ਨ ਅਖਵਾਏ, ਜਮੀਅਤ ਜਮਾਂ ਕਰਨ ਤੋਂ ਬਾਜ਼ ਆਏ ਅਤੇ ਸੁਲਤਾਨਾਂ ਦੀ ਰੀਸੇ ਝਰੋਖਾ ਦਰਸ਼ਨ ਦੇ ਕੇ ਲੋਕਾਂ ਤੋਂ ਸਿਜਦਾ ਕਰਾਉਣ ਤੇ ਆਪਣੇ ਚੇਲਿਆਂ ਪਾਸੋਂ ਸੱਚਾ ਪਾਤਸ਼ਾਹ ਕਹਾਉਣ, ਨਮਸਕਾਰਾਂ ਕਰਾਉਣ ਆਦਿ ਦੇ ਬਾਦਸ਼ਾਹੀ ਤਰੀਕੇ ਛੱਡ ਦੇਵੇ ਤਾਂ ਭਲਾ; ਨਹੀਂ ਤਾਂ ਉਸ ਦਾ ਘਰ ਘਾਟ ਬਰਬਾਦ ਕਰ ਕੇ ਤੇ ਉਸ ਨੂੰ ਵਤਨੋਂ ਬਾਹਰ ਕੱਢਣ ਦਾ ਪੂਰਾ ਉਪਰਾਲਾ ਕੀਤਾ ਜਾਵੇ । (ਤਾਰੀਕੇ-ਸਿੱਖਾਂ)

ਗੁਰੂ ਗੋਬਿੰਦ ਸਿੰਘ ਜੀ ਨੇ 'ਬਾਜ਼' ਕੀ ਆਉਣਾ ਸੀ, ਔਰੰਗਜ਼ੇਬ ਨੇ 'ਉਪਰਾਲੇ' ਅਰੰਭ ਦਿੱਤੇ । ਘਰ ਘਾਟ ਲੁੱਟਣੇ ਸ਼ੁਰੂ ਕੀਤੇ । ਗੁਰੂ ਜੀ ਨੇ ਵੀ ਟਾਕਰੇ ਵਿਚ ੧੪ ਜੰਗਾਂ ਲੜੀਆਂ। ਹਰ ਜੰਗ ਨੇ ਨਵਾਂ ਉਤਸ਼ਾਹ ਬਖ਼ਸ਼ਿਆ । ਹੋਲਾ ਮਹੱਲਾ ਰਾਹੀਂ ਉਹ ਕੌਮ ਨੂੰ ਤਿਆਰ ਕਰ ਚੁਕੇ ਸਨ । ਇਸ ਉਤਸ਼ਾਹ ਦਾ ਸਦਕਾ ਸੰਸਾਰ ਦੇ ਮੁੱਖ ਉੱਤੇ ਨਵੀਂ ਲਾਲੀ ਆਈ ਅਤੇ ਔਰੰਗਜ਼ੇਬ ਆਪਣੇ ਸਾਮਰਾਜ ਦਾ ਬੇੜਾ 'ਅਲਾਹ ਹਵਾਲੇ' ਛੱਡ ਨਿਥਾਵਾਂ ਹੀ ਜਹਾਨ ਤੋਂ ਟੁਰ ਗਿਆ । ਉਸ ਦੇ ਅੰਤਮ ਸ਼ਬਦ ਸਨ :

ਨਿਰਬਲ ਹੋ ਗਿਆ ਹਾਂ । ਹਰ ਅੰਗ ਨਿਸਲ ਹੋ ਗਿਆ ਹੈ ॥

ਇਕੇਲਾ ਹੀ ਆਇਆ ਸਾਂ, ਹੁਣ ਇਕੇਲਾ ਹੀ ਜਾ ਰਹਿਆ ਹਾਂ ॥

ਮੈਂ ਨਹੀਂ ਜਾਣਦਾ ਕਿ ਮੈਂ ਕੌਣ ਹਾਂ ਅਤੇ ਹੁਣ ਤਕ ਕੀ ਕਰਦਾ ਰਹਿਆ ਹਾਂ । ਨਾਂਹ ਮੈਂ ਸਾਮਰਾਜ ਦਾ ਸੱਚਾ ਸੁੱਚਾ ਪ੍ਰਬੰਧ ਕਰ ਸਕਿਆ ਤੇ ਨਾਂਹ ਪਰਜਾ ਦਾ ਪਿਆਰ ਲੈ ਸਕਿਆ । ਇਹ ਬਹੁਮੁੱਲਾ ਜੀਵਨ ਵਿਅਰਥ ਹੀ ਬੀਤ ਗਿਆ । ਮੇਰਾ ਖ਼ੁੱਦਾ ਹਰ ਸਮੇਂ ਹਰ ਪਾਸੇ ਸੀ ਪਰ ਮੇਰੀਆਂ ਅੰਨ੍ਹੀਆਂ ਅੱਖਾਂ ਉਸ ਦਾ ਜਲਵਾ ਨ ਕਰ ਸਕੀਆਂ । ਮੈਨੂੰ ਨਹੀਂ ਪਤਾ ਕਿ ਮੈਨੂੰ ਕੀ ਦੰਡ ਮਿਲਣ ਵਾਲਾ ਹੈ ।

ਅੱਜ ਕੌਮ ਨੂੰ ਹੋਲਾ ਮਹੱਲਾ ਦਾ ਪੈਗ਼ਾਮ ਸੁਣਨਾ ਚਾਹੀਦਾ ਹੈ ਤੇ ਅਭੈ ਹੋ, ਦੁਨਿਆਵੀ ਸਹਾਰਿਆਂ ਨੂੰ ਛੱਡ, ਆਪਣਾ ਗਵਾਚਾ ਹੁਇਆ ਸਤਿਕਾਰ ਕਾਇਮ ਕਰਨ ਲਈ ਮਹੱਲਾ ਚਾੜ੍ਹਨਾ ਚਾਹੀਦਾ ਹੈ ।

ਧੰਨਵਾਦ ਸਹਿਤ 'ਖ਼ਾਲਸੇ ਦਾ ਵਾਸੀ' ਵਿੱਚੋ

ਲੇਖਕ-ਪ੍ਰਿੰਸੀਪਲ ਸਤਬੀਰ ਸਿੰਘ

## ਬਲਿਹਾਰੀ ਕੁਦਰਤਿ ਵਸਿਆ

**ਪ੍ਰਿੰਸੀਪਲ ਨਰਿੰਦਰ ਬੀਰ ਸਿੰਘ**

ਵਾਹਿਗੁਰੂ ਅਕਾਲ ਪੁਰਖ ਦੀ ਕੁਦਰਤਿ ਦਾ ਕੋਈ ਅੰਤ ਨਹੀਂ । ਉਸ ਪ੍ਰਭੂ ਦੀ ਬਣਾਈ ਹਰ ਵਸਤੂ ਮਨੁੱਖ ਨੂੰ ਅਸਚਰਜ ਕਰਨ ਵਾਲੀ ਹੈ । ਮਨੁੱਖ ਪ੍ਰਭੂ ਦੀ ਕੁਦਰਤਿ ਨੂੰ ਵੇਖਦਾ ਵੀ ਹੈ ਅਤੇ ਇਸ ਦਾ ਅਨੰਦ ਵੀ ਮਾਣਦਾ ਹੈ । ਸਾਰਾ ਜੀਵਨ ਇਸ ਨੂੰ ਭੋਗਦਾ ਵੀ ਹੈ । ਪਰ ਪ੍ਰਭੂ ਨੂੰ ਇਸ ਕੁਦਰਤਿ ਵਿਚੋਂ ਵੇਖ ਉਸਨੂੰ ਵਸਿਆ ਅਨੁਭਵ ਕਰਨਾ, ਉਸਦੀ ਵਿਸਮਾਦਤਾ ਵਿੱਚ ਲੀਨ ਹੋ ਜਾਣਾ ਕਿਸੇ ਵਿਰਲੇ ਨੂੰ ਨਸੀਬ ਹੁੰਦਾ ਹੈ । ਜਿਸ ਵੀ ਜੀਵ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇ ਉਹ ਉਸ ਮਾਲਕ ਤੋਂ ਸਦੀਵ ਬਲਿਹਾਰ ਜਾਣ ਲਗ ਪੈਂਦਾਂ ਹੈ। ਉਸਨੂੰ ਸਮਝ ਆਉਂਦੀ ਹੈ ਕਿ ਪ੍ਰਭੂ ਤਾਂ "ਕੁਦਰਤਿ ਕਰਿ ਕੈ ਵਸਿਆ ਸੋਇ" (ਅੰਕ ੮੩) ਹੈ ।

ਜਦੋਂ ਕੁਦਰਤਿ ਨੂੰ ਗਹਿਰਾਈ ਨਾਲ ਵੇਖਣ ਦਾ ਸੁਭਾਉ ਹੋ ਜਾਵੇ ਤਾਂ ਜੀਵ ਹਰ ਵਸਤੂ ਨੂੰ ਵੇਖ ਕੇ ਵਿਸਮਾਦ ਹੋ ਜਾਂਦਾ ਹੈ ਅਤੇ ਉਸ ਦੇ ਅੰਦਰੋਂ ਸੁਭਾਵਿਕ ਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਨਿਕਲਦਾ ਹੈ । ਗੁਰੂ ਨਾਨਕ ਸਾਹਿਬ ਜੀ ਨੇ ਆਸਾ ਕੀ ਵਾਰ ਵਿੱਚ ਮਨੁਖ ਦੀ ਜੀਵਨ ਕਿਰਿਆ ਵਿਚੋਂ ਅਨੇਕਾਂ ਇਸ਼ਾਰੇ ਕੀਤੇ ਹਨ । ਆਓ ਕੁਝ ਇਸ਼ਾਰਿਆ ਨੂੰ ਅਨੁਭਵ ਕਰਨ ਦਾ ਯਤਨ ਕਰੀਏ ।

ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥

ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ (ਅੰਕ ੪੬੩)

ਵਿਸਵਾਦੁ ਨਾਦ - ਅਰਥਾਤ ਸਬਦ, ਆਵਾਜ਼ । ਜਦੋਂ ਕੇਵਲ ਇਸ ਛੋਟੇ ਜਿਹੇ ਸ਼ਬਦ ਤੇ ਗਹਿਰਾਈ ਨਾਲ ਵਿਚਾਰ ਕਰੀਏ ਤਾਂ ਮਹਿਸੂਸ ਹੋਵੇਗਾ ਕਿ ਵਾਹਿਗੁਰੂ ਜੀ ਨੇ ਢੰਗ ਨਾਲ ਵੱਖ ਵੱਖ ਜੀਵਾਂ/ਜੰਤੂਆਂ ਨੂੰ ਵੱਖ-ਵੱਖ ਆਵਾਜਾਂ ਬਖਸ਼ੀਆਂ । ਉਨਾਂ ਦੀ ਆਵਾਜ ਤੇ ਹੀ ਉਸਦੀ ਪਹਿਚਾਨ ਪਤਾ ਲਗ ਜਾਂਦੀ ਹੈ । ਜਦੋਂ ਮਨੁੱਖ ਵਲ ਹੀ ਝਾਤ ਮਾਰਦੇ ਹਾਂ, ਹਰ ਮਨੁੱਖ ਨੂੰ ਵਖਰੀ ਆਵਾਜ਼ । ਕਿਸੇ ਦੋ

ਮਨੁੱਖ ਦੀ ਆਵਾਜ ਦੂਸਰੇ ਨਾਲ ਨਹੀਂ ਮਿਲਦੀ। ਉਹ ਕਿਹੜੀ ਫੈਕਟਰੀ ਹੈ ਜਿਸ ਵਿੱਚ ਇਹੋ ਜਿਹੀ ਅਜਬ ਘਾੜਤ ਘੜੀ ਜਾ ਰਹੀ ਹੈ।

ਇਥੇ ਹੀ ਬਸ ਨਹੀਂ, ਆਵਾਜ ਵੱਖ-ਵੱਖ ਰੂਪ ਵੱਖ-ਵੱਖ, ਹਰ ਮਨੁੱਖ ਦੀ ਨਿਵੇਕਲੀ ਚਾਲ ਢਾਲ , ਵਖਰਾ ਹੀ ਰੰਗ, ਗਲ ਕਰਨ ਦਾ ਵਖਰਾ ਲਹਿਜ਼ਾ, ਇੱਕ ਨਵੇਕਲਾ ਜਿਹਾ ਸੁਭਾਉ ਬਸ ਜੋ ਇੱਕ ਮਨੁੱਖ ਨੂੰ ਦੇ ਦਿੱਤਾ ਦੂਸਰੇ ਨੂੰ ਉਸਤੋਂ ਬਿਲਕੁਲ ਭਿੰਨ। ਬਸ ਕੇਵਲ ਇਹੀ ਸਮਝ ਆਉਂਦੀ ਹੈ

"ਕੋਇ ਨ ਕਿਸਹੀ ਜੇਹਾ ਉਪਾਇਆ,

ਆਪੇ ਫਰਕੁ ਕਰੇ ਵੇਖਿ ਵਿਗਸੈ, ਸਭਿ ਰਸ ਦੇਹੀ ਮਾਹਾ ਹੇ ॥੧॥ ..ਅੰਕ ੧੦੫੬

ਇਨਾਂ ਅਸਚਰਜ ਕੌਤਕਾ ਨੂੰ ਵੇਖਿ ਵੇਖਿ ਮਨੁੱਖ ਕੇਵਲ ਕੁਦਰਤਿ ਵਿੱਚ ਵਸੇ ਮਾਲਕ ਨੂੰ ਮਹਿਸੂਸ ਕਰ ਸਕਦਾ ਹੈ ਅਤੇ ਉਸਨੂੰ ਵਾਹ-ਵਾਹ ਕਹਿ ਕੇ ਵਾਹ ਵਿੱਚ ਸਮਾਂ ਸਕਦਾ ਹੈ।

ਅਗਰ ਮਨੁੱਖ ਦੇ ਸਰੀਰ ਨੂੰ ਵੇਖੀਏ, ਉਸ ਅੰਦਰ ਚਲਦੀ ਰੌਂ ਨੂੰ ਸਮਝੀਏ ਤਾਂ ਉਸ ਦੀ ਬਿਅੰਤਤਾ ਵਿੱਚ ਗੁੰਮ ਹੋਣਾ ਪਵੇਗਾ। ਅਸੀਂ ਕਦੀ ਸੋਚਿਆ ਵੀ ਨਹੀ ਕਿ ਅਸੀ ਵੇਖਦੇ ਕਿਵੇ ਹਾਂ, ਸੁਣਦੇ ਕਿਵੇ ਹਾਂ, ਤੁਰਦੇ ਫਿਰਦੇ ਸਾਰੇ ਕਾਰਜ ਕਿਵੇਂ ਕਰਦੇ ਹਾਂ, ਇਨਾਂ ਦੇ ਪਿਛੇ ਕੌਣ ਹੈ ਜੋ ਇਨ੍ਹਾਂ ਨੂੰ ਚਲਾ ਰਿਹਾ ਹੈ। ਸਾਨੂੰ ਤਾਂ ਭੁਲੇਖਾ ਹੈ ਕਿ ਸਾਡੀਆਂ ਅੱਖਾਂ ਵੇਖਦੀਆਂ ਨੇ, ਕੰਨ ਸੁਣਦੇ ਨੇ, ਹੱਥਾਂ ਪੈਰਾਂ ਨਾਲ ਕਾਰਜ ਕਰਦੇ ਹਾਂ। ਇਹ ਤਾਂ ਉਦੋਂ ਪਤਾ ਲਗਦਾ ਹੈ ਜਦੋਂ ਕੋਈ ਸਰੀਰ ਦਾ ਅੰਗ ਕੰਮ, ਕਰਨੋ ਹਟ ਜਾਵੇ।ਅਸਲ ਤਾਂ ਕੰਮ ਕਰਨ ਵਾਲੀ ਸੰਸਾਰ ਦੇ ਸਭ ਕੁਝ ਨੂੰ ਤੋਰਨ ਵਾਲੀ ਤਾਂ ਕੇਵਲ ਤੇ ਕੇਵਲ ਪ੍ਰਭੂ ਜੋਤਿ ਹੈ ਜੋ ਸਾਨੂੰ ਦਿਸਦੀ ਹੀ ਨਹੀਂ। ਅਸੀ ਤਾਂ ਕੇਵਲ ਦ੍ਰਿਸ਼ਟਮਾਨ ਵਿੱਚ ਹੀ ਉਲਝੇ ਹੋਏ ਹਾਂ। ਦ੍ਰਿਸ਼ਟਮਾਨ ਦਾ ਅਨੰਦ ਲੈਂਦੇ ਹਾਂ ਜਾ ਦ੍ਰਿਸ਼ਟਮਾਨ ਕਰਕੇ ਹੀ ਦੁਖੀ/ਸੁਖੀ ਹੁੰਦੇ ਹਾਂ। ਪਰ ਇਸ ਸਾਰੀ ਗਡੀ ਨੂੰ ਚਲਾਉਣ ਵਾਲੀ ਜੋਤਿ ਤੋਂ ਅਜਾਣ ਹੋਣ ਕਾਰਨ ਪ੍ਰਭ ਤੋਂ ਟੁਟੇ ਹੋਇ ਹਾਂ ਤੇ ਦੁਖੀ ਹਾਂ। ਗੁਰਬਾਣੀ ਤਾਂ ਸਾਨੂੰ ਥਾਂ ਥਾਂ ਤੇ ਸੁਚੇਤ ਕਰਦੀ ਹੈ ਅਤੇ ਸਾਨੂੰ ਦ੍ਰਿੜ ਕਰਵਾਉਂਦੀ ਹੈ ਕਿ

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥੧੩

ਅਤੇ

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ - ਅੰਗ ੪੪੧

ਉਪਰੋਕਤ ਨੂੰ ਚੇਤੇ ਰਖੀਏ ਤਾਂ ਅਸੀ ਹੋਰ ਆਕਾਲ ਪੁਰਖ ਦੇ ਕੌਤਕਾਂ ਨੂੰ ਅਨੁਭਵ ਕਰ ਸਕਾਗੇਂ।

ਅਸੀ ਕਦੀ ਸੋਚਿਆ ਹੀ ਨਹੀਂ ਕਿ ਅਕਾਲ ਪੁਰਖ ਨੂੰ ਮਨੱਖ ਦੀ ਇਸ ਦੇ ਹੀ ਅੰਦਰ ਕਿਸ ਤਰਾਂ ਦੀ ਮਸ਼ੀਨਰੀ ਫਿਟ ਕੀਤੀ ਹੈ। ਕਿਵੇਂ ਮਨੁੱਖ ਜੀਵਨ ਭਰ ਅਨੇਕਾਂ ਭੋਗ ਭੋਗਦਾ ਰਹਿੰਦਾ ਹੈ , ਉਹ ਕਿਵੇਂ ਹਜ਼ਮ ਹੋ ਰਹੇ ਹਨ, ਕਿਵੇਂ ਉਨਾਂ ਤੋਂ ਸਰੀਰ ਨੂੰ ਚਲਾਣ ਦੇ ਪਦਾਰਥ ਬਣ ਰਹੇ ਹਨ। ਕਿਵੇਂ ਉਸਦਾ ਸਿਸਟਮ ਸਹਿਜ ਸੁਭਾਇ ਚਲਦਾ ਹੈ। Heart ਕੰਮ ਕਰਦਾ ਹੈ, Lungs ਕੰਮ ਕਰਦੇ ਹਾਂ, Kidney ਕੰਮ ਕਰਦੀ ਹੈ, Lever ਕੰਮ ਕਰਦਾ ਹੈ, ਕਿਹਾ ਕਮਾਲ ਦੀ Co-ordination ਹੈ। ਪਤਾ ਤਾਂ ਕੇਵਲ ਉਦੋਂ ਹੀ ਲੱਗਦਾ ਹੈ ਜਦੋਂ ਮਨੁੱਖ ਦੀ ਮੂਰਖਤਾ ਕਰਕੇ ਇਹ ਸਿਸਟਮ ਕਦੀ ਵਿਗੜ ਜਾਂਦਾ ਹੈ। ਮਨੁੱਖ ਅਨੇਕਾਂ ਡਾਕਟਰਾਂ ਦਾ ਮੁਹਤਾਜ ਹੋਕੇ ਵੀ ਇਸ ਨੂੰ ਸਹੀ ਰੂਪ ਵਿੱਚ ਠੀਕ ਕਰਨ ਤੋਂ ਅਸਮਰਥ ਰਹਿੰਦਾ ਹੈ ਅਤੇ ਪ੍ਰਭੂ ਪ੍ਰਮਾਤਮਾ ਦੀ ਕੁਦਰਤਿ ਤੋਂ ਬਲਿਹਾਰ ਜਾਣ ਤੋਂ ਛੁੱਟ ਕੋਈ ਉਪਾਉ ਨਹੀ ਬਚਦਾ। ਜੋ ਕੁਝ ਹੋ ਰਿਹਾ ਹੈ ਉਹ ਕੇਵਲ ਤੇ ਕੇਵਲ ਪ੍ਰਭੂ ਪ੍ਰਮਾਤਮਾਂ ਦੀ ਸੱਤਾ ਜੋ ਸਾਡੇ ਵਿੱਚ ਜੋਤਿ ਰੂਪ ਵਿੱਚ ਕੰਮ ਕਰ ਰਹੀ ਹੈ, ਨਾਲ ਹੀ ਹੁੰਦਾ ਹੈ ਉਸਤੋਂ ਬਿਨਾ ਕੁਝ ਵੀ ਨਹੀਂ ਹੋ ਸਕਦਾ। ਫੁਰਮਾਨ ਹੈ

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥

ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧॥(ਅੰਗ ੭੩੬)

ਇਸ ਲਈ ਸਾਨੂੰ ਉਸ ਕੁਦਰਤਿ ਵਿੱਚ ਵਸੇ ਪ੍ਰਭੂ ਨੂੰ ਅਨੁਭਵ ਕਰਨ ਦੀ ਲੋੜ ਹੈ ਅਤੇ ਇਹ ਸਮਝ ਅਨੁਭਵ ਕੇਵਲ ਤੇ ਕੇਵਲ ਵਾਹੁ ਵਾਹੁ ਕਰਦਿਆਂ ਹੀ ਹੋ ਸਕਦੀ ਹੈ । ਉਸ ਪ੍ਰਭੂ ਦੇ ਗੁਣ ਗਾਉਂਦਿਆਂ

ਗੁਣਿ ਕਹਿ ਗੁਣੀ ਸਮਾਵਣਿਆ ਗਾਉਦਿਆਂ ਹੀ ਉਸ ਵਿੱਚ ਸਮਾਉਣਾ ਹੁੰਦਾ ਹੈ । ਅਤੇ

ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤ ਨ ਜਾਈ ਲਖਿਆ ॥੧॥ (ਅੰਕ ੪੬੯)

ਇਹ ਤਾਂ ਮਨੁੱਖ ਦੀ ਦੇਹੀ ਦਾ ਛੋਟਾ ਜਿਹਾ ਉਦਾਰਣ ਹੈ । ਪਰ ਜੇ ਵਾਹਿਗੁਰੂ ਜੀ ਦੀ ਕੁਦਰਤਿ ਵਿੱਚ ਫਲਾ ਨੂੰ, ਫੁੱਲਾ ਨੂੰ, ਅਨੇਕ ਬਨਸਪਤੀ ਨੂੰ, ਜੀਵ-ਜੰਤਾ ਦੀਆਂ ਕਿਸਮਾਂ ਤੇ ਰੂਪ ਰੰਗ ਨੂੰ ਸਮਝ ਦਾ ਕਾਦਰ ਨਾਲ ਹੀ ਜੁੜ ਜਾਵਾਂਗੇ ।

ਇਥੇ ਅਨੇਕ ਕਿਸਮ ਦੇ ਫੁੱਲਾਂ ਵਿੱਚੋਂ ਇਕ ਹੀ ਫੁਲ ਗੁਲਾਬ ਦੀ ਮਿਸਾਲ ਅੰਕਿਤ ਕਰਦੇ ਹਾਂ । ਕਦੀ ਸੋਚਿਆ ਪ੍ਰਭੂ ਜੀ ਆਪ ਜੀ ਨੇ ਇਸ ਫੁਲ ਵਿੱਚ ਰੰਗ ਕਿਵੇਂ ਭਰੇ ਨੇ , ਪੰਖੜੀਆਂ ਨੂੰ ਕੋਮਲ ਕਿਵੇਂ ਬਣਾਇਆ ਹੈ, ਫੁਲ ਵਿੱਚ ਰੂਪ ਤੋਂ ਇਲਾਵਾ ਉਸ ਵਿੱਚ ਖੁਸ਼ਬੂ ਕਿਵੇਂ ਪਾਈ ਜੋ ਹਰ ਪ੍ਰਾਣੀ ਨੂੰ ਪ੍ਰਸੰਨ ਕਰ ਦਿੰਦੀ ਹੈ । ਪਰ ਇਹ ਸਾਰੀ ਖੂਬਸੂਰਤੀ, ਕੋਮਲਤਾ, ਸੁਗੰਧੀ ਉਸ ਦੀ ਜੜ੍ਹ ਵਿਚੋਂ ਹੀ ਆਈ ਅਤੇ ਉਹ ਜੜ੍ਹ ਤਾਂ ਕਠੋਰ ਹੈ, ਉਸ ਦੀ ਟਾਹਣੀ ਦਾ ਰੰਗ ਰੂਪ ਹੋਰ ਹੈ, ਪੱਤਿਆਂ ਦੀ ਬਣਤਰ ਤੇ ਰੂਪ ਹੋਰ ਅਤੇ ਉਸੇ ਟਾਹਣੀ/ਫੁਲ ਨਾਲ ਲਗਾ ਕੰਡਾ ਇਤਨਾ ਤਿਖਾ ਕਿ ਮਨੁੱਖ ਨੂੰ ਚੀਰ ਦੇਵੇ । ਪਰ ਇਹ ਸਭ ਉਸ ਪ੍ਰਭੂ ਦੀ ਦੇਣ ਤੇ ਵਿਚਿਤਰ ਕੋਤਕ ਹੀ ਹੈ ਜੋ ਬੁੱਧੀ ਦਾ ਵਿਸ਼ਾ ਨ ਹੋ ਕੇ ਕੇਵਲ ਤੇ ਕੇਵਲ ਉਸ ਦੀ ਬਿਅੰਤਤਾ ਵਿੱਚ ਲੀਨ ਹੋਣ ਦਾ ਸਾਧਨ ਬਣ ਸਕਦਾ ਹੈ ।

ਇਸੇ ਪ੍ਰਕਾਰ ਬਨਸਪਤੀ ਵਲ ਝਾਤ ਮਾਰੀਏ ਤਾਂ ਸਭ ਕੁਝ ਵਿਸਮਾਦ ਹੀ ਵਿਸਮਾਦ ਹੈ । ਵੱਡੇ ਵੱਡੇ ਪੇੜ, ਪੌਦੇ, ਫਲ ਫੁੱਲ ਹਨ । ਇਨਾਂ ਵਿੱਚ ਇੱਕ ਅਨੋਖਾ ਬੂਟਾ ਵੀ ਹੈ ਜੋ ਆਪ ਤਾਂ ਪੂਰਾ ਸੁਗੰਧੀ ਨਾਲ ਭਰਿਆ ਹੈ ਪਰ ਉਸ ਦੇ ਲਾਗੇ ਜੋ ਵੀ ਆ ਜਾਵੇ , ਜੋ ਘਾਸ/ਫੂਸ ਪੈਦਾ ਹੋਵੇ, ਉਸ ਨੂੰ ਵੀ ਸੁਗੰਧਿਤ ਕਰ ਦਿੰਦਾ ਹੈ । ਇਥੇ ਤੱਕ ਕਿ ਸੱਪ ਵਰਗੇ ਜਹਰੀਲੇ ਜੀਵ ਨੂੰ ਸ਼ੀਤਲਤਾ ਪ੍ਰਦਾਨ ਕਰਦਾ ਹੈ ਪਰ ਉਸ ਦੀ ਜ਼ਹਿਰ ਕੁੜਤਨ ਦਾ ਅਸਰ ਆਪ ਕਦੀ ਕਬੂਲ ਨਹੀਂ ਕਰਦਾ । ਫੁਰਮਾਨ ਹੈ

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥

ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥ --ਅੰਗ ੧੩੬੪

ਅਤੇ

ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥ - ਅੰਗ ੧੩੭੩

ਉਪਰੋਕਤ ਵਿਚਾਰ ਦਾ ਸਿਟਾ ਕਿ ਕਿਵੇ ਅਸੀ ਉਸ ਪ੍ਰਭੂ ਦੀ ਕੁਦਰਤਿ ਵਿਚੋਂ ਪ੍ਰਭੂ ਦੇ ਦਰਸ਼ਨ ਕਰ ਸਕੀਏ ਅਤੇ ਉਸ ਦੀ ਹਰ ਬਣਾਈ ਚੀਜ਼ ਨੂੰ ਅਨੁਭਵ ਕਰਕੇ ਆਪਸ ਵਿੱਚ ਪ੍ਰੇਮ ਪਿਆਰ ਵੰਡ ਕੇ ਗੁਰੂ ਨੂੰ ਹਰ ਵੇਲੇ ਯਾਦ ਕਰਦੇ ਕਰੀਐ । ਇਸ ਕੁਦਰਤਿ ਰਾਹੀ ਸਾਡਾ ਸਿਮਰਨ ਪਕ ਜਾਵੇ ਤੇ ਇਹ ਹਮੇਸ਼ਾ ਯਾਦ ਰਵ੍ਹੇ ।

ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ - ਅੰਗ ੪

ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤ ਨ ਜਾਈ ਲਖਿਆ ॥੧॥ (ਅੰਕ ੪੬੯)

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

# ਹਉਮੈ ਰੋਗ

ਬਲਵਿੰਦਰ ਸਿੰਘ 'ਸਾ.ਗਰ'

ਮਨੁੱਖ ਨੂੰ ਜਨਮ ਤੋਂ ਹੀ ਰੋਗੀ ਹੈ ।ਗੁਰਬਾਣੀ ਅਨੁਸਾਰ ਜਨਮ ਸਮੇਂ ਜਦੋਂ ਮਾਤਾ ਦੇ ਉੱਦਰ ਵਿੱਚ ਲਗੀ ਹੋਈ ਲਿਵ ਟੁਟਣ ਦੇ ਨਾਲ ਹੀ ਜੀਵ ਨੂੰ ਤ੍ਰਿਸ਼ਨਾ ਦਾ ਰੋਗ ਲੱਗ ਜਾਦਾਂ ਹੈ । ਧੰਨ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ । ......... (ਅੰਗ ੯੧੭)

ਗੁਰੂ ਅਰਜਨ ਦੇਵ ਜੀ ਦਾ ਭੈਰਉ ਰਾਗ ਵਿਚ ਮਹਾਂ ਬੋਲ ਹੈ

ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ...... ਅੰਗ ੧੧੪੧)

ਸਾਰਾ ਸੰਸਾਰ ਰੋਗੀ ਹੈ । ਸੰਸਾਰ ਵਿਚ ਰੋਗ ਰਹਿਤ ਕੋਈ ਵੀ ਨਹੀ ।ਕੋਈ ਵੀ ਰੋਗਾਂ ਤੋਂ ਬਚ ਨਹੀਂ ਸਕਿਆ । ਪਸ਼ੂ , ਪੰਛੀ, ਜਾਨਵਰ ਅਤੇ ਮਨੁੱਖ ਸਭ ਰੋਗੀ ਹਨ । । ਰੋਗ ਇੰਨੇ ਭਿਆਨਕ ਹਨ ਕਿ ਇਹ ਜੀਵ ਦੇ ਵਿਨਾਸ਼ ਦਾ ਕਾਰਨ ਬਣਦੇ ਹਨ । ਇਸ ਦੀ ਵਿਸਥਾਰ ਸਹਿਤ ਵਿਆਖਿਆ ਕਰਦੇ ਹੋਏ ਧੰਨ ਗੁਰੂ ਅਰਜਨ ਪਿਤਾ ਰਾਗ ਭੈਰਉ ਵਿਚ ਫੁਰਮਾਓਂਦੇ ਹਨ ।

ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥

ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥੧॥

ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥ ... (ਅੰਗ ੧੧੪੧ )

ਵਿਨਾਸ਼ ਲਈ ਤਾਂ ਇੱਕ ਰੋਗ ਹੀ ਕਾਫੀ ਹੈ । ਉਪਰੋਕਤ ਸ਼ਬਦ ਵਿਚ ਸਤਿਗੁਰੂ ਅਰਜਨ ਦੇਵ ਜੀ ਸਮਝਾਉਂਦੇ ਹਨ ਕਿ ਮੈਗਲ ਭਾਵ ਹਾਥੀ ਨੂੰ ਇੱਕ ਰੋਗ ਹੈ ਕਾਮ ਦਾ । ਸ਼ਿਕਾਰੀ ਲੋਕ ਇਸੇ ਰੋਗ ਦਾ ਫਾਇਦਾ ਉਠਾ ਕੇ ਹਾਥੀ ਵਰਗੇ ਮਹਾਬਲੀ ਜੀਵ ਨੂੰ ਕੈਦ ਕਰ ਲੈਂਦੇਂ ਹਨ ।ਅੰਤ ਇਹ ਹੀ ਉਸਦੀ ਮੌਤ ਦਾ ਕਾਰਨ ਬਣਦਾ ਹੈ ।ਪਤੰਗੇ ਨੂੰ ਰੌਸ਼ਨੀ ਦੇਖਣ ਦਾ ਰੋਗ ਹੈ । ਉਸੇ ਨਾਲ ਉਸਦੀ ਮੌਤ ਹੋ ਜਾਂਦੀ ਹੈ । ਇਸੇ ਤਰ੍ਹਾਂ ਸੱਪ ਦੀ ਵਡੀ ਕਮਜ਼ੋਰੀ ਹੈ ਨਾਦ, ਸੰਗੀਤ । ਜੋਗੀ ਬੀਨ ਵਜਾ ਕੇ ਸੱਪ ਵਰਗੇ ਜ਼ਹਿਰੀਲੇ ਜੀਵ ਨੂੰ ਪਕੜ ਕੇ ਪਟਾਰੀ ਵਿਚ ਕੈਦ ਕਰ ਲੈਂਦੇ ਹਨ। ਇਹ ਜ਼ਹਿਰੀਲਾ ਜਾਨਵਰ ਮਜਬੂਰੀ ਤੇ ਬੇਬਸੀ ਦਾ ਜੀਵਨ ਭੋਗ ਕੇ ਮਰ ਜਾਂਦਾ ਹੈ। ਅਗੇ ਚਲ ਕੇ ਸਤਿਗੁਰੂ ਜੀ ਹੋਰ ਸਮਝਾਉਣਾ ਕਰਦੇਂ ਹਨ ਕਿ ਮੀਨ , ਭਾਵ ਮੱਛੀ ਜਿਹਵਾ ਦੇ ਰਸ ਭੋਗਣ ਦੀ ਕੋਸ਼ਿਸ਼ ਵਿਚ ਹੀ ਜਾਨ ਗਵਾ ਬੈਠਦੀ ਹੈ । ਇਹੀ ਹਾਲ ਭੰਵਰੇ ਦਾ ਹੈ ਜੋ ਵਾਸ ਦੀ ਖਾਤਰ ਜਾਨ ਗਵਾਉਂਦਾ ਹੈ। ਇੰਨੀਆਂ ਉਦਾਹਰਣਾ ਦੇ ਕੇ ਗੁਰੂ ਪਿਤਾ ਸਾਨੂੰ ਸਮਝਾਉਂਦੇ ਹਨ ਹੇ ਮਨੁੱਖ ਤੂੰ ਸਮਝ ਕਰ, ਸੋਚ ਵਿਚਾਰ ਕਰ । ਜੇ ਇਕ ਰੋਗ ਹੀ ਵਿਨਾਸ਼ ਲਈ ਕਾਫੀ ਹੈ ਤਾਂ ਤੈਨੂੰ ਤਾਂ ਇੱਕਲੇ ਨੂੰ ਹੀ ਪੰਜ ਰੋਗ ਲੱਗੇ ਹੋਏ ਹਨ ।ਇੱਕ ਨਹੀਂ ਪੰਜ ਅਸਾਧ ਰੋਗ ਲਗੇ ਹੋਏ ਹਨ । ਗੁਰਬਾਣੀ ਦਾ ਫੁਰਮਾਨ ਹੈ ।

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥..(ਅੰਗ ੬੦੦) ।

ਵੀਚਾਰ ਵਾਲੀ ਗੱਲ ਇਹ ਹੈ ਕਿ ਜੇ ਰੋਗ ਇਤਨੇ ਬੁਰੇ ਹਨ ਤਾਂ ਅਕਾਲਪੁਰਖ ਨੇ ਇਹ ਬਣਾਏ ਹੀ ਕਿਉਂ ? ਮਨੁੱਖ ਨੂੰ ਜਨਮ ਤੋਂ ਲਗਾਏ ਹੀ ਕਿਉਂ ? ਕੀ ਇਹ ਵਿਕਾਰ-ਰੋਗ ਖਤਮ ਹੋਣੇ ਚਾਹੀਦੇ ਹਨ ?

ਐਸਾ ਨਹੀਂ ਹੈ । ਇਨ੍ਹਾਂ ਦੀ ਹੋਂਦ ਬੁਰੀ ਨਹੀਂ । ਇਨ੍ਹਾਂ ਦੀ ਆਪਣੀ ਥਾਂ ਹੈ । ਆਪਣੀ ਮਹਤੱਤਾ ਹੈ । ਜਿੰਦਗੀ ਵਿੱਚ ਇਨ੍ਹਾਂ ਦਾ ਆਪਣਾ ਇੱਕ ਸਥਾਨ ਹੈ । ਕਾਮ ਬਿਨਾਂ ਸੰਸਾਰ ਨਹੀਂ ਚਲੇਗਾ । ਕ੍ਰੋਧ ਬਿਨਾਂ ਬੀਰ ਰਸ ਨਹੀਂ ਅਤੇ ਸਚ- ਧਰਮ ਦੀ ਰਖਿਆ ਨਹੀਂ ਹੋ ਸਕੇਗੀ । ਲੋਭ ਤੇ ਮੋਹ ਤੋਂ ਬਿਨਾਂ ਪਰਿਵਾਰਕ ਜੀਵਨ ਨਹੀਂ ਹੋਵੇਗਾ । ਗ੍ਰਹਿਸਥ ਧਰਮ ਹੀ ਨਹੀ ਰਹੇਗਾ । ਇਨ੍ਹਾ ਦੀ ਹੋਂਦ ਬੁਰੀ ਨਹੀ । ਇਨ੍ਹਾ ਦਾ ਬੇਕਾਬੂ ਹੋਣਾ ਬੁਰਾ ਹੈ ।ਇਨ੍ਹਾ ਤੇ ਸੰਜਮ ਰੱਖਣਾ ਜ਼ਰੂਰੀ ਹੈ । ਜਦੋਂ ਤੱਕ ਇਹ ਸੰਜਮ ਵਿੱਚ ਰਹਿਣਗੇ

ਇਨ੍ਹਾਂ ਦਾ ਪ੍ਰਭਾਵ ਬੁਰਾ ਨਹੀਂ ਹੋਵੇਗਾ। ਜਿਉਂ ਹੀ ਸੰਜਮ ਘਟੇਗਾ ਜਾਂ ਹਟੇਗਾ ਇਹ ਅਤੀ ਨੁਕਸਾਨ ਦੇਹ ਅਤੇ ਦੁਖਦਾਈ ਹੋ ਜਾਂਣਗੇ।ਆਉ ਮਨੁੱਖ ਨੂੰ ਲੱਗੇ ਹਉਮੈ ਰੋਗ ਦੀ ਗੱਲ ਕਰੀਏ।

**ਹਉਮੈ ਰੋਗੁ ਮਾਨੁਖ ਕਉ ਦੀਨਾ** , (ਅੰਗ ੧੧੪੧ )

ਮਨੁੱਖ ਨੂੰ ਚੰਬੜਿਆ ਹਉਮੈ ਦਾ ਰੋਗ ਸਭ ਤੋਂ ਖਤਰਨਾਕ ਹੈ।ਇੱਕਲੇ ਹਉਮੈ ਦੇ ਰੋਗ ਨਾਲ ਕਈ ਹੋਰ ਰੋਗ ਪ੍ਰਬਲ ਹੋ ਜਾਂਦੇ ਹਨ। ਹਉਮੈ 'ਚ' ਆਕੇ ਮਨੁੱਖ ਹੋਰ ਵੱਡਾ ਧਨਵਾਨ, ਵੱਡਾ ਬਲਵਾਨ, ਵੱਡਾ ਗਿਆਨੀ ਵਡੇ ਪਰਿਵਾਰ ਤੇ ਵਾਕਫੀਅਤ ਵਾਲਾ ਬਣਨਾ ਚਾਹੁੰਦਾ ਹੈ। ਇਸੇ ਕਾਰਨ ਉਹ ਲੋਭੀ , ਕ੍ਰੋਧੀ ,ਹੰਕਾਰੀ ,ਜ਼ਾਲਮ , ਖੁਦਗਰਜ਼ ਆਦਿ ਹੋ ਜਾਂਦਾ ਹੈ। ਫਿਰ ਪਾਪ ਕਰਦਾ ਹੈ, ਅਨਰਥ ਕਰਦਾ ਕਰਦਾ ਜੰਜਾਲਾਂ ਵਿੱਚ ਫਸ ਜਾਂਦਾ ਹੈ।ਜੀਵਨ ਬਰਬਾਦ ਕਰਦਾ ਹੈ।

ਮਨੁੱਖ ਨੂੰ ਲਗਾ ਹਉਮੈ ਦਾ ਦੀਰਘ ਰੋਗ ਸਭ ਰੋਗਾਂ ਦੀ ਜੜ੍ਹ ਹੈ। ਦੇਖਣ ਵਿਚ ਆਇਆ ਹੈ ਕਿ ਮਨੁੱਖ ਬਹੁਤ ਵਿਚਾਰਵਾਨ ਵੀ ਹੋਵੇ,ਧਰਮ ਕਰਮ ਕਰਦਾ ਹੋਵੇ, ਦਾਨ ਪੁੰਨ ਵੀ ਕਰਦਾ ਹੋਵੇ ਤਾਂ ਵੀ ਹਉਮੈ ਦਾ ਸ਼ਿਕਾਰ ਹੋ ਜਾਂਦਾ ਹੈ।ਕਈ ਵਾਰ ਸੇਵਾ ਤੇ ਸਿਮਰਨ ਕਰਨ ਵਾਲਾ ਮਨੁੱਖ ਵੀ ਅਜਿਹਾ ਕਹਿੰਦਾ ਸੁਣਿਆ ਗਿਆ ਹੈ ਕਿ ਮੈ ਬਹੁਤ ਸਿਮਰਨ ਤੇ ਸੇਵਾ ਕਰਦਾ ਹਾਂ।ਮੇਰੇ ਜਿੰਨਾ ਸਿਮਰਨ ਕੌਣ ਕਰਦਾ ਹੈ ? ਮੇਰੇ ਜਿੰਨੀ ਸੇਵਾ ਕੌਣ ਕਰਦਾ ਹੈ? ਉਹ ਆਪਣੇ ਕੀਤੇ ਸਿਮਰਨ, ਸੇਵਾ,ਪੁੰਨ-ਦਾਨ ਦਾ ਖੂਬ ਪ੍ਰਚਾਰ ਕਰਦਾ ਹੈ। ਧਰਮ ਅਸਥਾਨਾਂ ਤੇ ਲੱਗੇ ਨਾਂਵਾਂ ਵਾਲੇ ਪੱਥਰ, ਤਖਤੀਆਂ ਅਤੇ ਅਰਦਾਸ ਵਿੱਚ ਦਾਨੀਆਂ ਦੀਆਂ ਲੰਬੀਆਂ ਸੂਚੀਆਂ ਇਸ ਹਉਮੈ ਦਾ ਹੀ ਪ੍ਰਗਟਾਵਾ ਹਨ। ਜਾਣੇ ਅਣਜਾਣੇ ਵਿਚ ਇਹ ਹਉਮੈ ਹੀ ਹੈ।

ਕਈ ਵਾਰ ਗੁਰੂ ਘਰ ਦੇ ਪ੍ਰਚਾਰਕ , ਰਾਗੀ , ਗ੍ਰੰਥੀ, ਢਾਡੀ ਵੀ ਇਸਦਾ ਸ਼ਿਕਾਰ ਹੋ ਜਾਂਦੇ ਹਨ। ਅਜ ਮੈਂ ਕਮਾਲ ਕਰ ਦਿੱਤੀ। ਸੰਗਤਾਂ ਧੰਨ ਧੰਨ ਕਰ ਉੱਠੀਆਂ।ਹਉਮੈ ਕਦੋਂ ਡੰਗ ਮਾਰ ਜਾਂਦੀ ਹੈ ਪਤਾ ਵੀ ਨਹੀਂ ਲਗਦਾ। ਮਨੁੱਖ ਮਾਤਰ ਲਈ ਆਮ ਤੌਰ ਤੇ ਅਤੇ ਗੁਰਸਿੱਖ ਲਈ ਖਾਸ ਤੌਰ ਤੇ ਜ਼ਰੂਰੀ ਹੈ ਕਿ ਉਹ ਹਉਮੈ ਤੋਂ ਬਚ ਕੇ ਰਹੇ। ਗੁਰਬਾਣੀ ਵਿਚ ਸਿਧਾਂਤ ਦਿਤਾ ਹੈ ਕਿ " ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ...। (ਅੰਗ ੫੬੦)

ਜਿਥੇ ਕਿਣਕਾ ਮਾਤਰ ਵੀ ਹਉਮੈ ਹੈ ਉਥੇ ਪ੍ਰਭੂ ਦਾ ਨਾਮ ਨਹੀ ਟਿਕ ਸਕਦਾ ਅਤੇ ਨਾਮ ਬਿਨਾਂ ਜੀਵਨ ਹੀ ਵਿਅਰਥ ਹੈ।ਮਨੁੱਖ ਅਮੋਲਕ ਰਤਨ ਜਨਮ ਕਉਡੀ ਬਦਲੇ ਹੀ ਹਾਰ ਜਾਂਦਾ ਹੈ। ਹੁਣ ਸਵਾਲ ਹੈ ਕਿ ਇਸ ਰੋਗ ਤੋਂ ਛੁਟਕਾਰਾ ਕਿਵੇਂ ਹੋਵੇ।ਇਸਤੇ ਕਾਬੂ ਕਿਵੇਂ ਪਾਈਏ। ਉਪਰੋਕਤ ਸ਼ਬਦ ਵਿੱਚ ਹੀ ਸਤਿਗੁਰੂ ਜੀ ਫਰਮਾਉਂਦੇ ਹਨ ਪੰਚਮ ਪਿਤਾ ਕਿਰਪਾ ਕਰਦੇ ਹਨ ਕਿ ਸਿੱਖ ਪਾਸ ਇਨ੍ਹਾ ਵਿਕਾਰਾਂ ਤੋ ਬਚਣ ਲਈ ਜਿਥੇ ਸੇਵਾ , ਸਿਮਰਨ , ਸਤਿਸੰਗਤ ਦਾ ਸਹਾਰਾ ਹੈ ਉਥੇ ਸਭ ਤੋਂ ਵਡਾ ਸਹਾਰਾ ਗੁਰੂ ਦੀ ਕਿਰਪਾ ਦਾ ਹੈ। ਵਿਕਾਰਾਂ ਤੋਂ ਬਚਣ ਲਈ ਮਨੁੱਖ ਦੇ ਕੀਤੇ ਯਤਨ ਤਾਂ ਹੀ ਸਫਲ ਹੋਣਗੇ ਜੇ ਗੁਰੂ ਕਿਰਪਾ ਕਰੇ। ਸਤਿਗੁਰੂ ਅਰਜਨ ਪਿਤਾ ਦੇ ਮਹਾਂਬੋਲ ਸਾਡਾ ਮਾਰਗ ਦਰਸ਼ਨ ਕਰਦੇ ਹਨ ,

ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥ (ਅੰਗ ੧੧੪੧)

ਸੋ ਆਉ ਸਤਿਗੁਰੂ ਜੀ ਦੇ ਅਮੋਲਕ ਬਚਨ ਸੁਣ ਕੇ ਸਮਝ ਕੇ ਮਨੰਣਾ ਕਰੀਏ। ਗੁਰੂ ਕਿਰਪਾ ਦੇ ਪਾਤਰ ਬਣ ਕੇ ਜੀਵਨ ਸਫਲ ਬਣਾਈਏ।...

ਵਾਹਿਗੁਰੂ ਜੀ ਕਾ ਖਾਲਸਾ ॥ਵਾਹਿਗੁਰੂ ਜੀ ਕੀ ਫਤਹਿ ॥

(Part I Already Printed In News Letter Feb. 2016)

# Honey & Cinnamon (Part II)

(Dr. S.S.Walia)

## Heart Diseases

- Make a paste of honey and cinnamon powder, apply on bread or chappati instead of jelly and jam and eat it regularly for breakfast.
- It reduces the cholesterol in the arteries and saves the patient from heart attack.
- Also those who have already had an attack, if they do this process daily, are kept miles away from the next attack.
- Regular use of the above process relieves loss of breath and strengthens the heart beat.
- In America and Canada, various nursing homes have treated patients successfully and have found that due to the increasing age the arteries and veins which lose their flexibility and get clogged are revitalized.

## Immune System

- Daily use of honey and cinnamon powder strengthens the immune system and protects the body from bacteria and viral attacks.
- Scientists have found that honey has various vitamins and iron in large amounts.
- Constant use of honey strengthens the white blood corpuscles to fight bacteria and viral diseases.

## Indigestion

- Cinnamon powder sprinkled on two tablespoons of honey taken before food, relieves acidity and digests the heaviest of meals.

## Influenza

- A scientist in Spain has proved that honey contains a natural ingredient which kills the influenza germs and saves the patient from flu.

## Longevity

- Tea made with honey and cinnamon powder, when taken regularly arrests the ravages of old age.
- Take 4 spoons of honey, 1 spoon of cinnamon powder and 3 cups of water and boil to make like tea.

- ❖ Drink ¼ cup, 3 to 4 times a day. It keeps the skin fresh and soft and arrests old age.
- ❖ Life span also increases and even if a person is 100 years old, starts performing the chores of a 20 year old.

## Pimples

- ❖ Three tablespoons of honey and one teaspoon of cinnamon powder paste.
- ❖ Apply this paste on the pimples before sleeping and wash it next morning with warm water.
- ❖ If done daily for two weeks, it removes pimples from the root.

## Toothache

- ❖ Make a paste of one teaspoon of cinnamon powder and five teaspoons of honey and apply on the aching tooth.
- ❖ This may be done 3 times a day daily till such time that the tooth has stopped aching.

## Cholesterol

- ❖ Two tablespoons of honey and three teaspoons of Cinnamon powder mixed in 16 ounces of tea water, if given to a cholesterol patient, it reduces the level of cholesterol in the blood by 10% within 2 hours.
- ❖ As per the information received in the said journal, pure honey taken with food daily relieves complains of cholesterol.

## Colds

- ❖ Those suffering from common or serve colds should take one tablespoon luke warm honey with ¼ teaspoon cinnamon powder daily for 3 days.
- ❖ This process will cure most chronic cough, cold and clear the sinuses.

## Infertility

- ❖ Yunani and Ayurvedic have been using honey for years in medicine to strengthen the semen of men.
- ❖ If impotent men regularly take two tablespoon of honey before sleeping, their problem will be solved.
- ❖ In China, Japan and Far-East countries, women who do not conceive and to strengthen the uterus have been taking cinnamon powder for centuries.
- ❖ Women who cannot conceive may take a pinch of cinnamon powder in half teaspoon of honey and apply it on the gums frequently throughout the day, so that it slowly mixes with

the saliva and enters the body.

- A couple in Merryland, America had no children for 14 years and had left hope of having a child of their own.
- When told about this process husband and wife started taking honey and cinnamon as stated above the wife conceived after a few months and had twins at full term.

## Upset Stomach

- Honey taken with cinnamon powder cures stomach ache and also clears stomach ulcers from the root.
- GAS : According to the studies done in India & Japan, it is revealed that if honey is taken with cinnamon powder the stomach is relieved of gas.

## ਧੰਨਵਾਦਿ :

## ਫਰਵਰੀ 2016 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | S. D.P Singh #393/Phase 9/Mohali | 12,100/- |
| 2. | S. Dhanwant Singh #447/Phase 4/Mohali | 500/- |
| 3. | S. Manmohan Singh/Flat No. 101/ Naveentam Aptt./Sector-9/Rohini/New Delhi | 5,320/- |
| 4. | S.Birinder Singh #6A/Sunny Enclave | 500/- |
| 5. | Bibi Harsharan Kaur Sethi #1440/Sec 34C/Chd | 500/- |
| 6. | Mrs. Priyanka Singh # A-102/Model Town/Kharar | 350/- |
| 7. | S. Gursharnjit Singh #404/Sec -65/Mohali | 15,000/- |
| 8. | S. Harjinder Singh/Mundi Kharar | 100/- |
| 9. | Bibi Surjit Kaur/Mundi Kharar | 100/- |
| 10. | S. Amarjit Singh/Mundi Kharar | 100/- |
| 11. | S. Jagjit Singh/Mundi Kharar | 100/- |
| 12. | S. Mandeep Singh/Mundi Kharar | 100/- |
| 13. | Satkar Properties / Mundi Kharar | 500/- |
| 14. | S. Rakshpal Singh/Mundi Kharar | 300/- |
| 15. | S. Kamaljit Singh/Mundi Kharar | 100/- |
| 16. | S. Lakhwinder Singh/Mundi Kharar | 100/- |
| 17. | S. Satnam Singh/Mundi Kharar | 100/- |
| 18. | Bibi Surjit Kaur #1444/Sec 34C/Chd | 2,000/- |
| 19. | S. Narinder Bir Singh #1444/Sec 34C | 2,000/- |
| 20. | S. Yadvinder Singh/Australia | 10,000/- |
| 21. | All Indian Sikh Federation(Regd.) D-9 Green Park Extn. New Delhi | 21,000/- |
| 22. | S. Prithipal Singh #3054/Sec 35D/Chd | 10,000/- |
| 23. | Bibi Rajleen Kaur #836/Phase II/Mohali | 500/- |
| 24. | Bibi. Harleen Kaur Sarna #107G, Shivalik Vihar Naya Goan, Mohali | 500/- |
| 25. | Vijay Kumar # 111/Ram Darbar/Phase-I/Chd. | 100/- |
| 26. | Bibi Harpreet Kaur #461/Sec 44A/Chd | 500/- |
| 27. | S. Harsharnpal Singh Bhatia #461/Sec 44A/Chd | 500/- |
| 28. | Bibi Gurdeep Kaur #461/Sec 44A/Chd | 500/- |
| 29. | M/S. Macrobiotic System & Software SCO 229 (FF) /Sec. 40D/Chd | 1,500/- |
| 30. | Sewak Charitable Trust(Regd.) SCO 1104-05 Sec. 22B,Chd | 75,00/- |
| 31. | Col. H.S Uppal #306/Sec 33A/Chd | 30,000/- |
| 32. | S. Joginder Singh #1429/Sec 22D/Chd | 2,100/- |
| 33. | S. Mohinder Singh #1620/Sec 7/Chd | 500/- |
| 34. | Bhai Harvir Singh/ Gurmat Parsar Bhawan/Mundi Kharar | 1,100/- |
| 35. | Bibi Daljit Kaur Oberoi #278/Sec. 33A | 2,000/- |
| 36. | Bibi Birinder Kaur # 1116/Sec. 36/Chd | 11,000/- |
| 37. | Sukhmani Sewa Society/ Gurmat Parsar Bhawan/Mundi Kharar | 500/- |
| 38. | S. Paramjit Singh #1899/Sec 34D/Chd | 1,500/- |
| 39. | Dr. Saranjit Singh #2817/Phase 7/Mohali | 2,000/- |

## ਮਾਰਚ 2016 ਮਹੀਨੇ ਦੇ ਸਮਾਗਮ :-

### ਨਾਨਕਸ਼ਾਹੀ ਜੰਤਰੀ ਅਨੁਸਾਰ ਚੇਤ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਮਿਤੀ 14-03-2016 ਦਿਨ ਸੋਮਵਾਰ ਨੂੰ ਸ਼ਾਮ 6.00 ਤੋਂ 9.00 ਤੱਕ **"ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ "**।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ ।ਉਪ੍ਰੰਤ ਗੁਰੂ ਕੇ ਲੰਗਰ ਅਟੁੱਟ ਵਰਤਣਗੇ ।

# ਰਾਗ ਟੋਡੀ

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ – ਟੋਡੀ ਥਾਟ –ਟੋਡੀ ਜਾਂ ਤੋੜੀ ਸੁਰ – ਰੇ, ਗੁ ਧੁ ਕੋਮਲ ਮੇ ਤੀਵਰ ਬਾਕੀ ਸ਼ੁਧ

ਵਰਜਿਤ ਸੁਰ–ਕੋਈ ਨਹੀ ਜਾਤੀ – ਸੰਪੂਰਨ–ਸੰਪੂਰਨ ਵਾਦੀ–ਧੈਵਤ ਕੋਮਲ

ਸੰਵਾਦੀ–ਗੰਧਾਰ ਕੋਮਲ ਸਮਾਂ–ਦਿਨ ਦਾ ਦੂਜਾ ਪਹਿਰ

ਆਰੋਹ–ਸ, ਰੇ ਗੁ, ਮੇ ਪ ਮੇ ਧੁ, ਨੀ ਸਂ । ਅਵਰੋਹ–ਸਂ ਨੀ ਧੁ, ਪ, ਮੇ ਗੁ, ਰੇ ਸ ।

ਪਕੜ– ਗੁ ਮੇ ਧੁ S ਧੁ S ਪ, ਮੇ ਧੁ ਮੇ ਗੁ, ਰੇ ਗੁ ਰੇ ਸ

## ਰਾਗ ਟੋਡੀ ਤਿੰਨਤਾਲ ਮੱਧ ਲੈਅ

| ਤਾਲ ਚਿੰਨ੍ਹ | 1<br>X | 2 | 3 | 4 | 5<br>2 | 6 | 7 | 8 | 9<br>0 | 10 | 11 | 12 | 13<br>3 | 14 | 15 | 16 |
|---|---|---|---|---|---|---|---|---|---|---|---|---|---|---|---|---|
| | | | | | | | | | | ਸਸ | ਰੇ | ਗੁ | ਰੇ | - | ਸ | ਸ |
| | | | | | | | | | | ਸਤਿ | ਗੁ | ਰ | ਆ | S | ਇਓ | S |
| | ਧੁ | ਧੁ | ਪ | ਧੁ | ਮੇਧੁ | ਮੇਗੁ | ਰੇਗੁ | ਰੇਸ | ਸ | ਰੇ | ਗੁ | ਮੇ | ਧੁ | ਧੁ | ਪ | ਪ |
| | ਸ | ਰ | ਣਿ | ਤੁ | ਹਾS | SS | ਰੀS | SS | ਮਿ | ਲੈ | S | S | ਸੂ | S | ਖ | ਨਾ |
| | ਮੇ | ਧੁ | ਮੇ | ਗੁ | ਰੇ | ਗੁ | ਰੇ | ਸ | ਗੁ | ਮੇ | ਧੁ | - | ਧੁਨੀ | ਸਂਨੀ | ਧੁ | ਪ |
| | S | ਮ | ਹ | ਰਿ | ਸੋ | S | ਭਾ | S | ਚਿੰ | S | ਤਾ | S | ਲ਼ਾS | SS | ਹਿ | ਹ |
| | ਧੁਨੀ | ਸਂਨੀ | ਧੁਨੀ | ਧੁਪ | ਮੇਧੁ | ਮੇਗੁ | ਰੇਗੁ | ਰੇਸ | ਸ | | | | | | | |
| | ਮਾS | SS | SS | SS | ਰੀS | SS | SS | SS | S | | | | | | | |
| | | | | | | | | | | ਮੇਗੁ | ਮੇ | ਧੁ | ਮੇਧੁ | ਨੀਸਂ | ਸਂ | ਸਂ |
| | | | | | | | | | | ਅਵ | ਰ | ਨ | ਸੂS | SS | ਝੈ | S |
| | ਸਰੇਂ | ਗੁਂ | ਰੇਂ | ਸਂ | ਨੀਸਂ | ਰੇਂਸਂ | ਧੁ | ਪ | ਧੁ | ਗੁਂ | ਰੇਂ | ਗੁਂ | ਰੇਂ | - | ਸਂ | - |
| | ਦੂS | S | ਜੀ | S | ਠਾS | SS | ਹ | ਰਿ | ਹਾ | S | ਰਿ | ਪਰਿ | ਓ | S | ਤਉ | S |
| | ਧੁਨੀ | ਸਂਨੀ | ਧੁਨੀ | ਧੁਪ | ਮੇਧੁ | ਮੇਗੁ | ਰੇਗੁ | ਰੇਸ | ਸ | | | | | | | |
| | ਦੁਆ | SS | SS | SS | ਰੀS | SS | SS | SS | S | | | | | | | |

ਟੋਡੀ ਮਹਲਾ ੫ – ਅੰਗ ੭੧੩

ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ਰਹਾਉ ॥ ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥ ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਫੱਗਣ ਮਹੀਨੇ ਦੀ ਪਹਿਲੀ ਤਰੀਕ ਦਾ  ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 13-2-2016 ਦਿਨ ਸ਼ਨੀਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ**"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ"** ।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ  ਨੇ  ਕੀਰਤਨ ਕਥਾ ਰਾਹੀਂ ਅਤੇ ਭਾਈ ਹਰਵੀਰ ਸਿੰਘ ਨੇ ਕਥਾ ਰਾਹੀ ਸੇਵਾ ਨਿਭਾਈ। ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਗੁਰਮਤਿ ਸਮਾਗਮ:-** ਸਰਬੱਤ ਦੇ ਭਲੇ ਲਈ ਐਲ.ਆਈ.ਸੀ ਮਾਰਕੀਟ ਅਤੇ ਕਲੋਨੀ ਨਿਵਾਸੀਆਂ ਵਲੋਂ ਐਲ.ਆਈ.ਸੀ ਮਾਰਕੀਟ ਵਿਖੇ ਸਲਾਨਾ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਮਿਤੀ ੨੬-੨-੨੦੧੬ ਤੋਂ ੨੮-੨-੨੦੧੬ ਤੱਕ ਅਖੰਡ ਪਾਠ ਦੀ ਸੇਵਾ ਨਿਭਾਈ ਗਈ ਸਮਾਪਤੀ ਤੇ ਮਿਤੀ ੨੮-੨-੨੦੧੬ ਨੂੰ ਹੋਏ ਗੁਰਮਤਿ ਸਮਾਗਮ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਭਾਈ ਸੁਖਵਿੰਦਰ ਸਿੰਘ ,ਭਾਈ ਕਰਤਾਰ ਸਿੰਘ ,ਭਾਈ ਬਲਵਿੰਦਰ ਸਿੰਘ 'ਸਾਗਰ' ਨੇ ਕੀਰਤਨ ਦੀ ਅਤੇ ਭਾਈ ਹਰਵੀਰ ਸਿੰਘ ,ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਕਥਾ ਦੀ ਸੇਵਾ ਨਿਭਾਈ।






ਇਸ ਸਮੇਂ ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ ਵਲੋਂ  ਫ੍ਰੀ ਮੈਡੀਕਲ ਸੇਵਾ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿਚ ਜਨਰਲ ਚੈਕ ਅੱਪ ਦੀ ਸੇਵਾ ਡਾ. ਹਰਪ੍ਰੀਤ ਕੌਰ MBBS, ਅੱਖਾਂ ਦੀ ਬੀਮਾਰੀਆਂ ਦੇ ਚੈਕ ਅੱਪ ਦੀ ਸੇਵਾ ਡਾ. ਨਰੇਸ਼ ਚੌਹਾਨ (MD), ਅਤੇ ਹੋਮਿਓਪੈਥਿਕ ਦਵਾਈਆਂ ਦੀ ਸੇਵਾ ਡਾ. ਸਤਵੰਤ ਸਿੰਘ੍ਰੰਫ ਨੇ ਨਿਭਾਈ। ਰਿਆਇਤੀ ਕੀਮਤਾਂ ਤੇ ਐਨਕਾਂ ਬਣਾਉਣ ਦੀ ਸੇਵਾ ਬੀਬੀ ਸਤਨਾਮ ਕੌਰ Vahoo Optics ਮੋਹਾਲੀ ਵਾਲਿਆਂ ਨੇ ਕੀਤੀ। ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।ਕੈਂਪ ਵਿੱਚ 100 ਪ੍ਰਾਣੀਆਂ ਨੇ ਡਾਕਟਰੀ ਸੇਵਾਵਾਂ ਦਾ ਲਾਭ ਉਠਾਇਆ।ਇਸ ਤੋਂ ਇਲਾਵਾ ਫ੍ਰੀ ਕਲਿਨੀਕਲ ਲੈਬਾਰਟੇਰੀ ਟੈਸਟ ਵੀ ਕੀਤੇ ਗਏ ਅਤੇ ਵਿਸ਼ੇਸ਼ ਪੈਕੇਜ ਬਹੁਤ ਹੀ ਰਿਆਇਤੀ ਦਰਾਂ ਤੇ ਕੀਤੇ ਗਏ ਜਿਸ ਦਾ ਲੋਕਾ ਨੇ ਲਾਭ ਉਠਾਇਆ।





# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਫਰਵਰੀ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1. | General Medical | 107 | 182 | 289 |
| 2 | Eye | 12 | 10 | 22 |
| 3 | Cardiology | 03 | 61 | 64 |
| 4 | Dental | 26 | 68 | 94 |
| 5 | Gynaecology | 13 | 41 | 54 |
| 6 | Homoeopathy | 29 | 205 | 234 |
| 7 | Physiotherapy | 17 | 41 | 58 |
| | Total | 207 | 608 | 815 |
| | Laboratory | 81 | - | 81 |

# ਅਪੀਲ

ਅਕਾਲ ਪੁਰਖ ਦੀ ਅਪਾਰ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਉਪਰੋਕਤ ਕਾਰਜ ਸਫਲਤਾ ਸਹਿਤ ਚੱਲ ਰਹੇ ਹਨ । ਇਸ ਸਮੇਂ ਤਕਰੀਬਨ 30 ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ । ਅਗਲੇ ਸਾਲ ਬਚਿਆਂ ਦੀ ਗਿਣਤੀ 45 ਤੱਕ ਹੋਣ ਦੀ ਆਸ ਹੈ । ਇਨ੍ਹਾਂ ਬੱਚਿਆਂ ਦੀ ਰਿਹਾਇਸ਼ ਲਈ ਗੁਰਮਤਿ ਪ੍ਰਸਾਰ ਭਵਨ ਦੀ ਦੂਸਰੀ ਮੰਜਿਲ ਤੇ ਉਸਾਰੀ ਆਰੰਭ ਕੀਤੀ ਗਈ ਹੈ ਜਿਸ ਤੇ ਤਕਰੀਬਨ 35 ਲੱਖ ਰੁਪੈ ਦੀ ਲਾਗਤ ਦਾ ਅਨੁਮਾਨ ਹੈ । ਇਹ ਉਸਾਰੀ ਹਰ ਹਾਲਤ ਵਿੱਚ ਮਈ, 2016 ਦੇ ਅੰਤ ਤੱਕ ਪੂਰੀ ਹੋਣੀ ਚਾਹੀਦੀ ਹੈ । ਇਸ ਲਈ ਸਮੂੰਹ ਸੰਗਤ ਨੂੰ ਆਪਣੇ ਦਸਵੰਧ ਚੋਂ ਵੱਧ ਤੋਂ ਵੱਧ ਯੋਗਦਾਨ ਪਾਣ ਲਈ ਸਨਿਮਰ ਬੇਨਤੀ ਹੈ ।

(ਜਨਰਲ ਸਕੱਤਰ)

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।